# ੧ਓ ਸਤਿਗੁਰ ਪ੍ਰਸਾਦਿ ॥

## ? {REVISED DRAFT FOR FURTHER DISCUSSION} ?

## ਸਿੱਖ ਮਾਰਗ ਰਹਤ

### ਸਿੱਖ ਦੀ ਪਰਿਭਾਸ਼ਾ:

ਜੇਹੜਾ ਇਨਸਾਨ ਇਕ ਅਕਾਲ ਪੁਰਖ, ਗੁਰੂ ਗਰੰਥ ਸਾਹਿਬ ਵਿਚ ਅੰਕਤਿ ਗੁਰਬਾਣੀ "੧ਓ ਤੋਂ ਲੈ ਕੇ ਮੁੰਦਾਵਣੀ", ਦਸ ਗੁਰੂ ਸਾਹਿਬਾਨ ਦੇ ਉਪਦੇਸ਼ (ਗੁਰੂ ਨਾਨਕ ਸਾਹਿਬ ਤੋਂ ਗੁਰੂ ਗੋਬਿੰਦ ਸਿੰਘ ਸਾਹਿਬ: ੧੪੬੯ - ੧੭●੮), ਕੇਸਾਂ ਤੇ ਹੋਰ ਕਿਸੇ ਰੋਮਾਂ ਦੀ ਬੇ-ਅਦਬੀ ਨਹੀਂ ਕਰਦਾ, ਆਪਣੇ ਸਿਰ ਨੂੰ ਹਰ ਸਮੇਂ ਦਸਤਾਰ/ਚੁੰਨੀ ਨਾਲ ਢੱਕ ਕੇ ਰੱਖਦਾ, ਹਰੇਕ ਪ੍ਰਾਣੀ ਨੂੰ ਇਕ ਸਮਾਨ ਸਮਝਦਾ, ਕਿਸੇ ਪ੍ਰਕਾਰ ਦਾ ਵਿਤਕਰਾ ਨਹੀਂ ਕਰਦਾ, ਖੰਡੇ ਦੀ ਪਾਹੁਲ ਗ੍ਰਹਿਣ ਕਰਨ ਲਈ ਤਿਆਰ ਹੈ ਅਤੇ ਕਿਸੇ ਹੋਰ ਧਰਮ/ਫਿਰਕੇ ਨੂੰ ਨਹੀਂ ਮੰਨਦਾ, ਉਹ ਸਿੱਖ ਹੈ ।

### ਸਿੱਖ ਦੀ ਰਹਿਣੀ:

ਸਿੱਖ ਦੀ ਰਹਿਣੀ ਦੋ ਪ੍ਰਕਾਰ ਦੀ ਹੈ, ਨਿੱਜੀ ਤੇ ਪੰਥਕ (ਜਿਵੇਂ ਦੁਨਿਆਵੀ ਤੇ ਰੂਹਾਨੀ: ਪੀਰੀ ਤੇ ਮੀਰੀ)

#### ਨਿੱਜੀ ਰਹਿਣੀ:

ਨਾਮ ਬਾਣੀ ਦਾ ਅਭਿਆਸ:

(੧) ਸਵੇਰੇ ਜਲਦੀ ਉੱਠ ਕੇ ਇਸ਼ਨਾਨ ਕਰੇ ਅਤੇ ਇਕ ਅਕਾਲ ਪੁਰਖ ਦੇ ਸੱਚੇ ਨਾਮ ਦਾ ਪਾਠ ਕਰੇ ।

(੨) ਨਿੱਤਨੇਮ ਬਾਣੀਆਂ ਦਾ ਪਾਠ ਕਰੇ:

ਸਵੇਰੇ, ਜਪੁ ਜੀ ਸਾਹਿਬ (ਗੁਰੂ ਗਰੰਥ ਸਾਹਿਬ ਪੰਨਾ ੧ ਤੋਂ ੮);

ਸ਼ਾਮ ਸਮੇਂ, ਰਹਰਾਸਿ (ਗੁਰੂ ਗਰੰਥ ਸਾਹਿਬ ਪੰਨਾ ੮ ਤੋਂ ੧੨);

ਰਾਤ ਨੂੰ ਸੌਣ ਵੇਲੇ, ਸੋਹਿਲਾ (ਗੁਰੂ ਗਰੰਥ ਸਾਹਿਬ ਪੰਨਾ ੧੨-੧੩);

ਇਨ੍ਹਾਂ ਬਾਣੀਆਂ ਤੋਂ ਉਪ੍ਰੰਤ, ਗੁਰੂ ਗਰੰਥ ਸਾਹਿਬ ਵਿਚੋਂ ਹੋਰ ਬਾਣੀਆਂ ਦਾ ਪਾਠ ਭੀ ਸੋਚ-ਸਮਝ ਕੇ ਕੀਤਾ ਜਾਵੇ ।

### ਅਰਦਾਸਿ:

{ਅਰਦਾਸਿ ਦਿਨ ਵਿਚ ਦੋ ਵਾਰ (ਗੁਰਦੁਆਰਾ ਸਾਹਿਬ ਵਿਖੇ ਸਵੇਰੇ ਸ਼ਾਮ ਦੇ ਦੀਵਾਨ ਮਗਰੋਂ ਅਤੇ ਘਰ ਵਿਖੇ ਭੀ ਸਵੇਰੇ ਅਤੇ ਸ਼ਾਮ ਦੇ ਨਿੱਤਨੇਮ ਦੇ ਪਾਠ ਉਪ੍ਰੰਤ}

੧ਓ ਅਕਾਲ ਪੁਰਖ ਦਾ ਧਿਆਨ ਧਰ ਕੇ ਖ਼ਾਲਸਾ ਜੀ ਬੋਲੋ, ਵਾਹਿਗੁਰੂ ।

ਤੂ ਠਾਕੁਰ ਤੁਮ ਪਹਿ ਅਰਦਾਸਿ ॥ ਜੀਉ ਪਿੰਡੁ ਸਭੁ ਤੇਰੀ ਰਾਸਿ ॥ ਤੁਮ ਮਾਤ ਪਿਤਾ ਹਮ ਬਾਰਿਕ ਤੇਰੇ ॥

ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ ॥ ਕੋਇ ਨ ਜਾਨੈ ਤੁਮਰਾ ਅੰਤੁ ॥ ਊਚੇ ਤੇ ਊਚਾ ਭਗਵੰਤ ॥

ਸਗਲ ਸਮਗ੍ਰੀ ਤੁਮਰੈ ਸੂਤ੍ਰਿ ਧਾਰੀ ॥ ਤੁਮ ਤੇ ਹੋਇ ਸੁ ਆਗਿਆਕਾਰੀ ॥ ਤੁਮਰੀ ਗਤਿ ਮਿਤਿ ਤੁਮ ਹੀ ਜਾਨੀ ॥

ਨਾਨਕ ਦਾਸ ਸਦਾ ਕੁਰਬਾਨੀ ॥ {੮॥੪॥ ਗਉੜੀ ਸੁਖਮਨੀ ਮਹਲਾ ੫ ॥ ਗੁਰੂ ਗਰੰਥ ਸਾਹਿਬ-ਪੰਨਾ ੨੬੮॥}

ਫਿਰ ਗੁਰੂ ਨਾਨਕ ਸਾਹਿਬ, ਗੁਰੂ ਅੰਗਦ ਸਾਹਿਬ, ਗੁਰੂ ਅਮਰਦਾਸ ਸਾਹਿਬ, ਗੁਰੂ ਰਾਮਦਾਸ ਸਾਹਿਬ, ਗੁਰੂ ਅਰਜਨ ਸਾਹਿਬ, ਗੁਰੂ ਹਰਗੋਬਿੰਦ ਸਾਹਿਬ, ਗੁਰੂ ਹਰਰਾਇ ਸਾਹਿਬ, ਗੁਰੂ ਹਰਕ੍ਰਿਸ਼ਨ ਸਾਹਿਬ, ਗੁਰੂ ਤੇਗ਼ ਬਹਾਦਰ ਸਾਹਿਬ, ਗੁਰੂ ਗੋਬਿੰਦ ਸਿੰਘ ਸਾਹਿਬ ਅਤੇ ਭਗਤਾਂ ਦੀਆਂ ਰਹਿਮਤਾਂ ਤੇ ਕੁਰਬਾਨੀਆਂ ਨੂੰ ਯਾਦ ਕਰਦੇ ਹੋਏ ਅਤੇ ਉਨ੍ਹਾਂ ਵੱਲੋਂ ਪ੍ਰਗਟਾਏ ਹੋਏ ਸ਼ਬਦ ਗੁਰੂ, ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼ਾਂ ਦਾ ਧਿਆਨ ਧਰ ਕੇ ਖ਼ਾਲਸਾ ਜੀ ਬੋਲੋ, ਵਾਹਿਗੁਰੂ ।

ਪੰਜ ਪਿਆਰੇ, ਚਾਰ ਸਾਹਿਬਜ਼ਾਦੇ, ਚਾਲ੍ਹੀ ਮੁਕਤੇ ਅਤੇ ਬੇਅੰਤ ਸ਼ਹੀਦਾਂ, ਜਿਨ੍ਹਾਂ ਨੇ ਨਾਮ ਜਪਿਆ, ਵੰਡ ਛਕਿਆ, ਦੇਗ਼ ਚਲਾਈ, ਤੇਗ਼ ਵਾਹੀ, ਧਰਮ ਹੇਤ ਸੀਸ ਦਿੱਤੇ, ਦੇਗ਼ਾਂ ਵਿਚ ਉਬਾਲੇ ਗਏ, ਆਰਿਆਂ ਨਾਲ ਚੀਰੇ ਗਏ, ਬੰਦ-ਬੰਦ ਕਟਵਾਏ, ਖੋਪਰੀਆਂ ਲੁਹਾਈਆਂ, ਚਰਖ਼ੜੀਆਂ 'ਤੇ ਚੜ੍ਹੇ ਅਤੇ ਹੋਰ ਅਨੇਕਾਂ ਤਸੀਹਿਆਂ ਤੇ ਜ਼ੁਲਮਾਂ ਨੂੰ ਸਹਿੰਦੇ ਹੋਏ ਸ਼ਹੀਦ ਹੋਏ, ਪਰ ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਈ, ਸਿਦਕ ਤੋਂ ਨਹੀਂ ਡੋਲੇ, ਧਰਮ ਨਹੀਂ ਹਾਰਿਆ, ਗੁਰਦੁਆਰਿਆਂ ਦੇ ਸੁਧਾਰ ਲਈ ਕੁਰਬਾਨੀਆਂ ਕੀਤੀਆਂ, ਪੰਥ ਦੀ ਆਜ਼ਾਦੀ ਵਾਸਤੇ ਸ਼ਹੀਦ ਹੋਏ, ਤਸੀਹੇ ਸਹੇ ਤੇ ਹੁਣ ਭੀ ਜੂਝ ਰਹੇ ਹਨ, ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ ਖ਼ਾਲਸਾ ਜੀ ਬੋਲੋ, ਵਾਹਿਗੁਰੂ ।

ਦਰਬਾਰ ਸਾਹਿਬ, ਅਕਾਲ ਬੁੰਗਾ ਅਤੇ ਸਾਰੇ ਗੁਰਦੁਆਰਿਆਂ ਦਾ ਧਿਆਨ ਧਰ ਕੇ ਬੋਲੋ ਜੀ, ਵਾਹਿਗੁਰੂ ।

ਹੇ ਅਕਾਲ ਪੁਰਖ ਜੀਓ ਆਪ ਜੀ ਦੇ ਹਜ਼ੂਰ ਸਮੂਹ ਖਾਲਸੇ ਦੀ ਅਰਦਾਸਿ ਹੈ, ਖਾਲਸੇ ਨੂੰ ਹਰ ਵੇਲੇ ਵਾਹਿਗੁਰੂ ਚਿਤ ਆਵੇ, ਜਿੱਥੇ-ਜਿੱਥੇ ਖਾਲਸਾ ਜੀ ਸਾਹਿਬ ਉੱਥੇ-ਉੱਥੇ ਰੱਖਿਆ ਰਿਆਇਤ, ਦੇਗ਼ ਤੇਗ਼ ਫ਼ਤਿਹ, ਬਿਰਦ ਦੀ ਪੈਜ, ਅਕਾਲ ਪੁਰਖ ਜੀ ਸਹਾਇ ਅਤੇ ਖਾਲਸਾ ਜੀ ਦੇ ਬੋਲ ਬਾਲੇ, ਬੋਲੋ ਜੀ, ਵਾਹਿਗੁਰੂ ।

ਸਿੱਖਾਂ ਨੂੰ ਸਿੱਖੀ ਦਾਨ, ਕੇਸ ਦਾਨ, ਰਹਤ ਦਾਨ, ਬਿਬੇਕ ਦਾਨ, ਦ੍ਰਿੜਤਾ ਦਾਨ, ਵਿਸਾਹ ਦਾਨ, ਭਰੋਸਾ ਦਾਨ, ਦਾਨਾਂ ਸਿਰ ਦਾਨ ਨਾਮ ਦਾਨ ਬਖ਼ਸ਼ੋ ਜੀ । ਸਿੱਖਾਂ ਦਾ ਮਨ ਨੀਵਾਂ, ਮਤਿ ਉੱਚੀ, ਨਿਮਰਤਾ ਅਤੇ ਸਦਾ ਚੜ੍ਹਦੀ ਕਲਾ ਦਾ ਰਾਖਾ ਆਪ ਵਾਹਿਗੁਰੂ ।

ਹੇ ਅਕਾਲ ਪੁਰਖ ਪੰਥ ਦੇ ਸਦਾ ਸਹਾਈ ਦਾਤਾਰ ਜੀਓ, ਨਨਕਾਣਾ ਸਾਹਿਬ ਅਤੇ ਹੋਰ ਜਿਨ੍ਹਾਂ ਗੁਰਦੁਆਰਿਆਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ ਅਤੇ ਜਿਨ੍ਹਾਂ ਗੁਰਧਾਮਾਂ 'ਤੇ ਅਨਮਤੀਆਂ, ਮਨਮਤੀਆਂ ਅਤੇ ਡੇਰੇਦਾਰਾਂ ਦਾ ਕਬਜ਼ਾ ਹੈ, ਦੀ ਆਜ਼ਾਦੀ ਤੇ ਖੁਲ੍ਹੇ ਦਰਸ਼ਨ ਦੀਦਾਰ ਅਤੇ ਸਾਰੇ ਗੁਰਦੁਆਰਿਆਂ ਵਿਖੇ ਇਸ "ਸਿੱਖ ਮਾਰਗ ਰਹਤ" ਦਾ ਦਾਨ ਖਾਲਸਾ ਜੀ ਨੂੰ ਬਖ਼ਸ਼ੋ । ਗੁਰੂ ਗਰੰਥ ਸਾਹਿਬ ਦੇ ਹਜ਼ੂਰ ..... ਦੀ ਅਰਦਾਸਿ ਹੈ; ਅੱਖਰ ਵਾਧਾ ਘਾਟਾ ਭੁੱਲ ਚੁੱਕ ਖਿਮਾ ਕਰਨਾ ਜੀ ਅਤੇ ਅੱਗੇ ਤੋਂ ਸ਼ੁੱਧ ਤੇ ਟਿਕਾਅ ਨਾਲ ਬਾਣੀ ਪੜ੍ਹਨ, ਸਮਝਣ ਅਤੇ ਅਮਲ ਕਰਨ ਦੀ ਸਮਰਥਾ ਬਖ਼ਸ਼ੋ । ਆਪ ਜੀ ਦੇ ਹਜ਼ੂਰ ਕੜਾਹ ਪ੍ਰਸ਼ਾਦ ਦੀ ਦੇਗ਼ ਹਾਜ਼ਿਰ ਹੈ, ਆਪ ਜੀ ਨੂੰ ਪ੍ਰਵਾਨ ਹੋਵੇ, ਪ੍ਰਵਾਨ ਹੋਇਆ ਪ੍ਰਸ਼ਾਦ ਸੰਗਤ ਵਿਚ ਵਰਤੇ । ਆਪਣਾ ਹੁਕਮ ਬਖ਼ਸ਼ ਕੇ ਨਿਹਾਲ ਕਰੋ । ਸੇਈ ਪਿਆਰੇ ਮਿਲਾਵੋ, ਜਿਨ੍ਹਾਂ ਦੇ ਮਿਲਿਆਂ ਆਪ ਜੀ ਦਾ ਨਾਮ ਚਿੱਤ ਆਵੇ, ਨਾਮ ਜਪਦਿਆਂ ਚੜ੍ਹਦੀ ਕਲਾ ਹੋਵੇ ਅਤੇ ਆਪ ਜੀ ਦੇ ਭਾਣੇ ਸਰਬਤ ਦਾ ਭਲਾ ਹੋਵੇ । ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫ਼ਤਿਹ ।

ਦੋਹਿਰਾ: ਆਗਿਆ ਭਈ ਅਕਾਲ ਕੀ, ਤਬੈ ਚਲਾਇਓ ਪੰਥ । ਸੱਭ ਸਿੱਖਣ ਕੋ ਹੁਕਮ ਹੈ, ਗੁਰੂ ਮਾਨਯੋ ਗ੍ਰੰਥ ।

ਗੁਰੂ ਗ੍ਰੰਥ ਜੀ ਮਨਿਯੋ, ਪਰਗਟ ਗੁਰਾਂ ਕੀ ਦੇਹ । ਜੋ ਪ੍ਰਭ ਕੋ ਮਿਲਬੋ ਚਹੈ, ਖੋਜ ਸ਼ਬਦ ਮੇਂ ਲੇਹੁ ।

ਰਾਜ ਕਰੇਗਾ ਖ਼ਾਲਸਾ, ਆਕੀ ਰਹੇ ਨਾ ਕੋਇ । ਖੁਆਰ ਹੋਏ ਸਭ ਮਿਲੈਂਗੇ, ਬਚੇ ਸ਼ਰਣ ਜੋ ਹੋਏ ।

## (ਸੰਖੇਪ ਅਰਦਾਸਿ):

ਇਹ ਅਰਦਾਸਿ ਬਾਕੀ ਸਾਰੇ ਮੌਕਿਆਂ ਵਾਸਤੇ ਹੈ ।

ੴ ਸਤਿਗੁਰ ਪ੍ਰਸਾਦਿ ॥ ਗੁਰੂ ਨਾਨਕ ਸਾਹਿਬ, ਗੁਰੂ ਅੰਗਦ ਸਾਹਿਬ, ਗੁਰੂ ਅਮਰਦਾਸ ਸਾਹਿਬ, ਗੁਰੂ ਰਾਮਦਾਸ ਸਾਹਿਬ, ਗੁਰੂ ਅਰਜਨ ਸਾਹਿਬ, ਗੁਰੂ ਹਰਗੋਬਿੰਦ ਸਾਹਿਬ, ਗੁਰੂ ਹਰਿਰਾਇ ਸਾਹਿਬ, ਗੁਰੂ ਹਰਕ੍ਰਿਸ਼ਨ ਸਾਹਿਬ, ਗੁਰੂ ਤੇਗ਼ ਬਹਾਦਰ ਸਾਹਿਬ, ਗੁਰੂ ਗੋਬਿੰਦ ਸਿੰਘ ਸਾਹਿਬ, ਦਸਾਂ ਪਾਤਸ਼ਾਹੀਆਂ ਅਤੇ ਭਗਤਾਂ ਦੀ ਰੂਹਾਨੀ ਗਿਆਨ-ਜੋਤਿ, ਗੁਰੂ ਗ੍ਰੰਥ ਸਾਹਿਬ ਦਾ ਧਿਆਨ ਧਰ ਕੇ ਬੋਲੋ ਜੀ, ਵਾਹਿਗੁਰੂ ।

ਇਸ ਮਗਰੋਂ ਜਿਹੜਾ ਕੰਮ/ਕਾਰਜ ਕਰਨਾ ਹੋਵੇ, ਉਸ ਬਾਰੇ ਪ੍ਰਵਾਨਗੀ ਦੀ ਬੇਨਤੀ ਕੀਤੀ ਜਾਵੇ, ਮਿਸਾਲ ਵਜੋਂ **ਗੁਰੂ ਗ੍ਰੰਥ ਸਾਹਿਬ ਦੇ ਸੰਤੋਖਣ** ਵੇਲੇ ਦੀ ਅਰਦਾਸਿ ਇੰਜ ਹੋਵੇਗੀ:

ਹੇ ਅਕਾਲ ਪੁਰਖ ਜੀ, **ਗੁਰੂ ਗ੍ਰੰਥ ਸਾਹਿਬ ਨੂੰ ਸੰਤੋਖਣ ਲੱਗੇ ਹਾਂ ਆਪ ਜੀ ਇਜਾਜ਼ਤ ਬਖ਼ਸ਼ੋ**, ਸੇਈ ਪਿਆਰੇ ਮੇਲ, ਜਿਨ੍ਹਾਂ ਦੇ ਮਿਲਿਆਂ ਆਪ ਜੀ ਦਾ ਨਾਮ ਚਿੱਤ ਆਵੇ, ਨਾਮ ਜਪਦਿਆਂ ਚੜ੍ਹਦੀ ਕਲਾ ਹੋਵੇ, ਆਪ ਜੀ ਦੇ ਭਾਣੇ ਸਰਬਤ ਦਾ ਭਲਾ ਹੋਵੇ । ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫ਼ਤਿਹ ।

## ਗੁਰਦੁਆਰਾ ਸਾਹਿਬ:

੧. ਸਿੱਖ ਸੰਗਤ ਦੀ ਸਾਂਝੀ ਥਾਂ, ਜਿੱਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਵੇ, ਉਸ ਨੂੰ ਗੁਰਦੁਆਰਾ ਸਾਹਿਬ ਕਹਿੰਦੇ ਹਾਂ ।

੨. "ਗੁਰਦੁਆਰਾ ਸਾਹਿਬ" ਨੂੰ ਸਿੱਖ ਟੈਂਪਲ, ਮੰਦਰ, ਹਰਿਮੰਦਰ ਜਾਂ ਸਿੱਖ ਚਰਚ ਕਹਿਣਾ ਮਨਮਤਿ ਹੈ ।

੩. ਗੁਰਦੁਆਰਾ ਸਾਹਿਬ, ਗੁਰਬਾਣੀ ਦੀ ਵੀਚਾਰ ਲਈ ਸੰਗਤ ਦੇ ਜੁੜਨ ਦੀ ਥਾਂ ਹੈ । ਇਹ ਕਿਸੇ ਭੀ ਪ੍ਰਕਾਰ ਦੀ 'ਪੂਜਾ' ਕਰਨ ਦੀ ਥਾਂ ਨਹੀਂ ਹੈ ।

੪. ਗੁਰਦੁਆਰੇ ਦੀ ਹਦੂਦ ਵਿਚ ਖੰਡੇ ਸਮੇਤ ਨਿਸ਼ਾਨ ਸਾਹਿਬ ਲਾਉਣਾ ਲਾਜ਼ਮੀ ਹੈ। ਨਿਸ਼ਾਨ ਸਾਹਿਬ ਦੇ ਕਪੜੇ ਦਾ ਰੰਗ ਬਸੰਤੀ ਜਾਂ ਸੁਰਮਈ ਹੋਵੇ । ਨਿਸ਼ਾਨ ਸਾਹਿਬ ਨੂੰ ਮੱਥਾ ਟੇਕਣਾ ਜਾਂ ਇਸ ਦੇ ਥੜ੍ਹੇ ਦੀ ਪਰਕਰਮਾ ਕਰਨਾ ਮਨਮਤਿ ਹੈ ।

੫. ਗੁਰਦੁਆਰੇ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹਰ ਰੋਜ਼ ਹੋਵੇ ।

੬. ਗੁਰੂ ਗ੍ਰੰਥ ਸਾਹਿਬ ਉੱਪਰ ਚੰਦੋਆ ਤਾਣਿਆ ਹੋਣਾ ਲਾਜ਼ਮੀ ਹੈ ।

੭. ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਪੀੜ੍ਹੇ ਉੱਤੇ ਹੀ ਹੋਵੇ, ਕਿਸੇ ਤਰ੍ਹਾਂ ਦੀ ਪਾਲਕੀ ਵਿਚ ਪ੍ਰਕਾਸ਼ ਨਹੀਂ ਹੋਣਾ ਚਾਹੀਦਾ ।

੮. ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਵਾਸਤੇ ਲੋੜੀਂਦਾ ਸਾਮਾਨ (ਛੋਟੇ ਗੱਦੇ, ਰੁਮਾਲੇ ਵਗੈਰਾ) ਵਰਤੇ ਜਾਣੇ ਚਾਹੀਦੇ ਹਨ ।

੯. ਰੁਮਾਲੇ ਸਾਫ਼ (ਸੁਅੱਛ) ਅਤੇ ਸਾਦੇ ਹੋਣ । ਉਨ੍ਹਾਂ ਉੱਤੇ ਫੁੱਲ, ਬੂਟੇ, ਕੋਈ ਫੋਟੋ ਜਾਂ ਸ਼ਬਦ ਦੀਆਂ ਤੁਕਾਂ ਨਾ ਲਿਖੀਆਂ ਹੋਣ । ਰੁਮਾਲਿਆਂ ਦਾ ਕਪੜਾ ਕਿਸੇ ਮੌਸਮ ਦੇ ਆਧਾਰ ਤੇ ਨਾ ਹੋਵੇ ਕਿਉਂਕਿ ਸ਼ਬਦ ਗੁਰੂ ਸਰਦੀ / ਗਰਮੀ ਦੇ ਅਸਰ ਤੋਂ ਰਹਿਤ ਹੈ ।

੧●. ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਨਾਲ ਸਬੰਧਤ ਸਾਮਾਨ (ਰੁਮਾਲੇ ਵਗ਼ੈਰਾ) ਦਾ ਇੰਤਜ਼ਾਮ ਗੁਰਦੁਆਰਾ ਪ੍ਰਬੰਧਕ ਆਪਣੀ ਲੋੜ ਮੁਤਾਬਿਕ ਆਪ ਕਰੇ । ਸ਼ਰਧਾ ਦੇ ਵਹਿਮ ਭਰਮ ਹਟ, ਰੁਮਾਲੇ ਨਾ ਚੜ੍ਹਾਏ ਜਾਣ ਕਿਉਂਕਿ ਇਹ ਕੌਮੀ ਪੈਸੇ ਦੀ ਬਰਬਾਦੀ ਹੈ ।

੧੧. ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਧੂਫ਼, ਦੀਵੇ ਜਗਾ ਕੇ ਆਰਤੀ ਕਰਨੀ, ਜੋਤਾਂ ਜਗਾਉਣੀਆਂ, ਟੱਲ ਖੜਕਾਉਣੇ, ਕੁੰਭ ਤੇ ਨਾਰੀਅਲ ਰੱਖਣੇ, ਘੜਿਆਲ, ਸੰਖ, ਮੂਰਤੀਆਂ ਰੱਖਣੇ ਮਨਮਤਿ ਹਨ ।

੧੨. ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਕਾਗਜ਼ੀ ਫੁੱਲ, ਹਾਰ, ਚਮਕਦੀਆਂ ਲਾਈਟਾਂ, ਬੇਲੋੜੀ ਸਜਾਵਟ, ਕੋਈ ਵੀ ਤਸਵੀਰ ਰੱਖਣਾ ਜਾਂ ਗੁਰਦੁਆਰਿਆਂ ਦੀ ਅੰਦਰੂਨੀ ਬਣਤਰ ਸੰਗਤ ਦਾ ਧਿਆਨ ਗੁਰਬਾਣੀ ਤੋਂ ਹਟਾਉਂਦਾ ਹੈ, ਐਸਾ ਨਾ ਕੀਤਾ ਜਾਵੇ । ਗੁਰਦੁਆਰੇ ਦੀ ਈਮਾਰਤ ਸਾਦੀ ਤੇ ਮਜ਼ਬੂਤ ਹੋਵੇ । ਇਸ 'ਤੇ ਸੰਗਮਰਮਰ, ਸੋਨਾ, ਵਗ਼ੈਰਾ ਨਾ ਲਾਇਆ ਜਾਵੇ । ਇਹ ਕੌਮੀ ਪੈਸੇ ਦੀ ਬਰਬਾਦੀ ਹੈ । ਗੁਰਦੁਆਰੇ ਦੀ ਹਦੂਦ ਵਿਚ ਸਮਾਧ/ਮੜ੍ਹੀ/ਸ਼ਹੀਦੀ ਥੜ੍ਹਾ, ਆਦਿਕ ਨਹੀਂ ਬਣਾਇਆ ਜਾ ਸਕਦਾ ।

੧੩. ਰੁਮਾਲਾ ਚੁੱਕ ਕੇ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਕਰਨਾ ਮਨਮਤਿ ਹੈ । ਅਸਲ ਦਰਸ਼ਨ, ਸ਼ਬਦ ਵੀਚਾਰ ਹੈ ।

੧੪. ਗੁਰੂ ਗ੍ਰੰਥ ਸਾਹਿਬ ਦੇ ਪੀੜ੍ਹੇ ਹੇਠ ਪਾਣੀ, ਪਰਚੀਆਂ ਰੱਖਣੀਆਂ, ਰੱਖੜੀਆਂ ਤਾਗੇ ਬੰਨ੍ਹਣਾ, ਮੁੱਠੀਆਂ ਭਰਨੀਆਂ, ਨੱਕ ਮੱਥਾ ਰਗੜਨਾ, ਵਗ਼ੈਰਾ ਗੁਰਮਤਿ ਦੇ ਉਲਟ ਹੈ ।

੧੫. ਦੀਵਾਨ ਹਾਲ ਵਿਚ ਸਿਰਫ਼ ਤੇ ਸਿਰਫ਼ ਇੱਕੋ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਵੇ । ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਕਿਸੇ ਵੀ ਹੋਰ ਗ੍ਰੰਥ, ਕਿਤਾਬ, ਪੋਥੀ ਦਾ ਪ੍ਰਕਾਸ਼ ਕਰਨਾ ਗੁਰਮਤਿ ਦੇ ਉਲਟ ਹੈ । ਇਕ ਦੀਵਾਨ ਹਾਲ ਵਿਚ ਗੁਰੂ ਗ੍ਰੰਥ ਸਾਹਿਬ ਦੇ ਦੋ ਸਰੂਪਾਂ ਦਾ ਪ੍ਰਕਾਸ਼ ਕਰਨਾ ਵੀ ਮਨਮਤਿ ਹੈ ।

੧੬. ਗੋਲਕ ਗੁਰੂ ਗ੍ਰੰਥ ਸਾਹਿਬ ਦੇ ਅੱਗੇ ਨਾ ਰੱਖ ਕੇ ਦੀਵਾਨ ਹਾਲ ਦੇ ਮੁੱਖ ਗੇਟ (ਦਰਸ਼ਨੀ ਡਿਉਢੀ) ਕੋਲ ਹੀ ਰੱਖੀ ਜਾਵੇ । ਮੱਥਾ ਟੇਕਣ ਵੇਲੇ ਗੁਰੂ ਗ੍ਰੰਥ ਸਹਿਬ ਅੱਗੇ ਮਾਇਆ ਭੇਟ ਨਾ ਕੀਤੀ ਜਾਵੇ ਅਤੇ ਨਾ ਹੀ ਕਿਸੇ ਰਾਗੀ/ਕਥਾਕਾਰ ਅੱਗੇ ।

੧੭. ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਕਿਸੇ ਵਾਸਤੇ ਗਦੇਲਾ, ਆਸਣ, ਚੌਂਕੀ, ਕੋਈ ਵਖਰੇਵਾਂ ਜਾਂ ਕੋਈ ਹੋਰ ਉਚੇਚਾ ਥਾਂ ਗੁਰਮਤਿ ਦੇ ਉਲਟ ਹੈ । ਜਿਸਮਾਨੀ ਮਜਬੂਰੀ ਦੀ ਹਾਲਤ ਵਿਚ ਕੁਰਸੀ, ਸਟੂਲ, ਬੈਂਚ ਵਗ਼ੈਰਾ ਦੀ ਵਰਤੋਂ ਗ਼ਲਤ ਨਹੀਂ ਹੈ ਪਰ, ਉਹ ਭੀ ਹਾਲ ਦੇ ਇਕ ਪਾਸੇ ਜਾਂ ਆਖੀਰ ਦੀਵਾਰ ਦੇ ਨਾਲ ਹੋਵੇ ।

੧੮. ਗੁਰਦੁਆਰੇ ਦੇ ਅੰਦਰ ਜਾਂ ਦੀਵਾਨ ਵਿਚ ਬੈਠਣ ਜਾਂ ਲੰਗਰ ਛਕਣ ਜਾਂ ਸੇਵਾ ਵਿਚ ਹਿੱਸਾ ਪਾਉਣ ਵਾਸਤੇ ਕਿਸੇ ਦੇਸ਼, ਮਜ਼ਹਬ, ਜ਼ਾਤ, ਨਸਲ ਵਾਲੇ ਨੂੰ ਮਨਾਹੀ ਨਹੀਂ, ਪਰ, ਉਸ ਕੋਲ ਤੰਬਾਕੂ, ਸ਼ਰਾਬ ਜਾਂ ਕੋਈ ਨਸ਼ੀਲਾ ਪਦਾਰਥ ਨਾ ਹੋਵੇ ਤੇ ਉਹ ਨਸ਼ੇ ਦੀ ਹਾਲਤ ਵਿਚ ਨਾ ਹੋਵੇ । ਤੰਬਾਕੂ/ਸ਼ਰਾਬ ਦੀ ਵਰਤੋਂ ਪਹਿਲੋਂ ਕੀਤੀ ਹੋਣ ਕਾਰਨ ਬੋਅ ਆਉਣ ਦੀ ਹਾਲਤ ਵਿਚ ਉਹ ਦੰਦਾਂ ਤੇ ਮੂੰਹ ਦੀ ਚੰਗੀ ਤਰ੍ਹਾਂ ਸਫ਼ਾਈ ਕਰ ਕੇ ਆਵੇ । ਇਸ ਮਕਸਦ ਵਾਸਤੇ ਗੁਰਦੁਆਰਾ ਦੇ ਟਾਇਲਟ ਵਿਚ ਮੰਜਨ ਵਗ਼ੈਰਾ ਦਾ ਇੰਤਜ਼ਾਮ ਕੀਤਾ ਜਾ ਸਕਦਾ ਹੈ ।

੧੯. ਦੀਵਾਨ ਹਾਲ ਅਤੇ ਲੰਗਰ ਹਾਲ ਵਿਚ ਹਰ ਇਕ ਵਾਸਤੇ ਸਿਰ ਢੱਕਣਾ ਲਾਜ਼ਮੀ ਹੈ । ਹਰ ਇਕ ਦਾ ਪਹਿਰਾਵਾ ਵਧ ਤੋਂ ਵਧ ਸਾਦਾ ਹੋਵੇ ਤੇ ਕਿਸੇ ਹਿੱਸੇ ਵਿੱਚੋਂ ਨੰਗੇਜ ਨਜ਼ਰ ਨਾ ਅਉਂਦਾ ਹੋਵੇ ।

੨●. ਗੁਰਦੁਆਰੇ ਵਿਚ ਕੋਈ ਅਨਮਤੀ ਤਿਉਹਾਰ, ਸੰਸਕਾਰ, ਰਸਮ ਹਰਗਿਜ਼ ਨਹੀਂ ਕੀਤੇ ਜਾ ਸਕਦੇ ।

੨੧. ਗੁਰੂ ਗ੍ਰੰਥ ਸਾਹਿਬ ਦਾ ਸਰੂਪ ਇਕ ਥਾਂ ਤੋਂ ਦੂਜੇ ਥਾਂ ’ਤੇ ਲਿਜਾਣ ਵਾਸਤੇ ਸੰਖੇਪ ਅਰਦਾਸਿ ਕੀਤੀ ਜਾਵੇ । ਸਰੂਪ ਲਿਜਾਣ ਸਮੇਂ ਲੈ ਜਾਣ ਵਾਲਿਆਂ ਦੀ ਗਿਣਤੀ ਦਾ ਭਰਮ ਨਹੀਂ ਕਰਨਾ ਚਾਹੀਦਾ । ਜਿਸ ਨੇ ਸਿਰ ’ਤੇ ਸਰੂਪ ਰੱਖਿਆ ਹੋਵੇ ਉਹ ਨੰਗੇ ਪੈਰ ਚੱਲੇ ਪਰ ਜੇ ਕਰ ਕਿਸੇ ਮੌਕੇ ਜੋੜੇ ਪਾਉਣ ਦੀ ਬਹੁਤ ਜ਼ਰੂਰਤ ਹੋਵੇ ਤਾਂ ਭਰਮ ਨਹੀਂ ਕਰਨਾ । ਗੁਰੂ ਗ੍ਰੰਥ ਸਾਹਿਬ ਦੇ ਅੱਗੇ-ਅੱਗੇ ਪਾਣੀ ਦੇ ਛਿੱਟੇ ਸੁੱਟਣਾ ਮਨਮਤਿ ਹੈ । ਗੁਰੂ ਗ੍ਰੰਥ ਸਾਹਿਬ ਦੇ ਸੰਤੋਖਣ ਦੀ ਕਾਰਵਾਈ ਆਸਾਨ ਪਰ ਸ਼ਰਧਾ ਭਰਪੂਰ ਹੋਵੇ ।

੨੨. ਗੁਰਦੁਆਰੇ ਵਿਚ ਰੋਜ਼ਾਨਾ ਕਥਾ, ਗੁਰਬਾਣੀ (ਸ਼ਬਦ) ਦੀ ਵਿਚਾਰ ਜ਼ਰੂਰ ਹੋਵੇ । ਇਸ ਦੇ ਨਾਲ ਹੀ ਸਿੱਖ ਇਤਿਹਾਸ ਅਤੇ ਸਿੱਖ ਮਾਰਗ ਰਹਤ ਵਾਰੇ ਭੀ ਜਾਣਕਾਰੀ ਦਿੱਤੀ ਜਾਵੇ ।

੨੩. ਲੰਗਰ ਪੰਗਤ ਵਿਚ ਬੈਠ ਕੇ ਛਕਿਆ ਜਾਵੇ । ਪੰਗਤ ਤੋਂ ਭਾਵ ਜ਼ਮੀਨ ’ਤੇ ਬੈਠਣਾ ਨਹੀਂ ਬਲਕਿ ਬਿਨਾਂ ਵਿਤਕਰੇ ਤੋਂ ਬੈਠਣਾ ਹੈ । ਪਰ ਜੇ ਕੋਈ ਪ੍ਰਾਣੀ ਕਿਸੇ ਕਮਜ਼ੋਰੀ ਕਾਰਣ ਨਹੀਂ ਬੈਠ ਸਕਦਾ, ਉਸ ਲਈ ਉਚਿਤ ਪ੍ਰਬੰਧ ਕੀਤਾ ਜਾਵੇ ।

੨੪. ਲੰਗਰ ਅਤੇ ਦੀਵਾਨ ਵਿਚ ਸੰਗਤ ਕਤਾਰਾਂ ਬਣਾ ਕੇ ਬੈਠੇ ਤਾਂ ਜੋ ਪ੍ਰਸ਼ਾਦ ਵੰਡਣ ਸਮੇਂ ਕੋਈ ਔਖਾਈ ਨਾ ਹੋਵੇ ।

੨੫. ਗੁਰੂ ਗ੍ਰੰਥ ਸਾਹਿਬ ਦੀ ਪਰਕਰਮਾ ਕਰਨਾ ਅਤੇ ਥਾਂ-ਥਾਂ ’ਤੇ  ਮੱਥਾ ਟੇਕਣਾ ਮਨਮਤਿ ਦਾ ਦਿਖਾਵਾ ਹੈ ।

੨੬. ਦੀਵਾਨ ਦੌਰਾਨ ਗੱਲਾਂ ਕਰਨਾ, ਗੁਰੂ ਗ੍ਰੰਥ ਸਾਹਿਬ ਦੇ ਅਦਬ ਦੇ ਉਲਟ ਹੈ ।

੨੭. ਗੁਰਦੁਆਰੇ ਵਿਚ ਕੀਤੇ ਜਾਣ ਵਾਲੇ ਸਮਾਗਮ ਸਾਦੇ ਤੇ ਘਟ ਖਰਚ ਵਾਲੇ ਹੋਣ । ਮੁੱਖ ਅਹਮੀਅਤ ਗੁਰਸ਼ਬਦ ਅਤੇ ਇਤਿਹਾਸ ਵੀਚਾਰ ਨੂੰ ਦਿੱਤੀ ਜਾਵੇ ।

੨੮. ਗੁਰਦੁਆਰੇ ਵਿਚਲੇ ਸਪੀਕਰ ਦੀ ਆਵਾਜ਼ ਬਾਹਰ ਨਹੀਂ ਆਉਣੀ ਚਾਹੀਦੀ ।

੨੯. ਗੁਰਦੁਆਰੇ ਦੀ ਹਦੂਦ ਵਿਚ ਰਸਮੀ ਜਾਂ ਤਿਉਹਾਰ ਵਜੋਂ ਦੀਵੇ, ਮੋਮਬੱਤੀਆਂ, ਆਤਿਸ਼ਬਾਜ਼ੀ ਚਲਾਉਣੀ ਮਨਮਤਿ ਹੈ ।

੩●. ਗੁਰਦੁਆਰਿਆਂ ਵਿਚ ਲਾਇਬਰੇਰੀਆਂ, ਡਿਸਪੈਂਸਰੀਆਂ ਅਤੇ ਚਾਈਲਡ ਡੇ ਕੇਅਰ ਸੈਂਟਰ ਸਥਾਪਤ ਕੀਤੀ ਜਾਣ । ਜੇ ਹੋ ਸਕੇ ਤਾਂ ਗ਼ਰੀਬ ਤੇ ਕਮਜ਼ੋਰ ਬੱਚਿਆਂ ਨੂੰ ਮੁਫ਼ਤ ਟਿਊਸ਼ਨਾਂ ਪੜ੍ਹਾਉਣ ਦਾ ਇੰਤਜ਼ਾਮ ਕੀਤਾ ਜਾਵੇ ।

੩੧. ਗੁਰਦੁਆਰੇ ਅੰਦਰ ਜਾਣ ਲੱਗਿਆਂ ਜੋੜੇ ਬਾਹਰ ਲਾਹ ਕੇ, ਹੱਥ-ਪੈਰ ਸਾਫ ਕਰਕੇ ਜਾਓ ।

## ਮੱਥਾ ਟੇਕਣਾ:

ਗੁਰੁ ਗਰੰਥ ਸਾਹਿਬ ਦੇ ਅੱਗੇ ਮੱਥਾ ਟੇਕਣ ਦਾ ਭਾਵ ਹੈ ਕਿ ਆਪਣੀ ਹਉਮੈ ਦਾ ਤਿਆਗ ਕਰ ਕੇ, ਗੁਰੂ ਦੀ ਮਤਿ ਗ੍ਰਹਿਣ ਕਰਨਾ । ਸਿੱਖ ਨੇ ਸਿਰਫ਼ ਗੁਰੂ ਗ੍ਰੰਥ ਸਾਹਿਬ (ਸ਼ਬਦ ਗੁਰੂ) ਅੱਗੇ ਹੀ ਮੱਥਾ ਟੇਕਣਾ ਹੈ । ਇਸ ਤੋਂ ਬਿਨਾਂ ਕਿਸੇ ਦੇਹਧਾਰੀ, ਮੂਰਤੀ, ਜਾਂ ਕਿਸੇ ਹੋਰ ਥਾਂ ਤੇ ਮੱਥਾ ਨਹੀਂ ਟੇਕਣਾ ।

## ਕੀਰਤਨ, ਪਾਠ, ਕਥਾ:

ਗੁਰਦੁਆਰਾ ਵਿਖੇ, ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਕੀਰਤਨ, ਪਾਠ, ਕਥਾ (ਗੁਰਸ਼ਬਦ ਤੇ ਇਤਿਹਾਸ ਵਿਚਾਰ) ਸਿਰਫ਼ ਸਿੱਖ ਹੀ ਕਰ ਸਕਦਾ ਹੈ । ਸੰਗਤ ਵਿਚ ਇਕ ਸਮੇਂ ਇਕ ਗੱਲ ਹੀ ਹੋਣੀ ਚਾਹੀਦੀ, ਪਾਠ ਜਾਂ ਕੀਰਤਨ/ਕਥਾ ।

ਕੀਰਤਨ ਸਿਰਫ਼ ਗੁਰੂ ਗ੍ਰੰਥ ਸਹਿਬ ਦੇ ਸ਼ਬਦਾਂ ਦਾ ਅਤੇ ਅੰਕਤਿ ਰਾਗਾਂ ਅਨੁਸਾਰ ਹੀ ਕੀਤਾ ਜਾਵੇ ।

ਕੀਰਤਨ ਵਿਚ ਸ਼ਬਦ ਦੀ ਟੇਕ ਰਹਾਉ ਦੀ ਤੁਕ ਹੀ ਬਣਾਈ ਜਾਵੇ । ਜਿਸ ਸ਼ਬਦ ਵਿਚ ਰਹਾਉ ਦੀ ਪੰਕਤੀ ਨਹੀਂ, ਉੱਥੇ ਕੇਂਦਰੀ ਭਾਵ ਵਾਲੀ ਤੁਕ, ਟੇਕ ਵਜੋਂ ਰੱਖੀ ਜਾਵੇ । ਦੀਵਾਨ/ਸੰਗਤ ਵਿਚ ਕੀਰਤਨ ਤੋਂ ਇਲਾਵਾ, ਕਥਾ, ਲੈਕਚਰ ਨੂੰ ਵੀ ਸਮਾਂ ਦੇਣਾ ਜ਼ਰੂਰੀ ਹੈ ।

ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਰਾਗੀਆਂ, ਢਾਡੀਆਂ, ਪਾਠੀਆਂ, ਪ੍ਰਚਾਰਕਾਂ ਨੂੰ ਮਾਇਆ ਭੇਟ ਨਾ ਕੀਤੀ ਜਾਵੇ । ਪਰ, ਜੇ ਉਹ ਨਿਸ਼ਕਾਮ ਸੇਵਕ ਨਹੀਂ, ਤਾਂ ਪ੍ਰਬੰਧਕ ਉਨ੍ਹਾਂ ਨੂੰ ਕੀਰਤਨ ਤੋਂ ਬਾਅਦ ਯੋਗ ਭੇਟਾ ਜ਼ਰੂਰ ਦੇਣ ।

## ਗੁਰੂ ਗ੍ਰੰਥ ਸਾਹਿਬ ਦਾ ਪਾਠ:

ਗੁਰਬਾਣੀ ਪੜ੍ਹਨ, ਸੁਣਨ, ਸਮਝ ਕੇ ਵਿਚਾਰਨ ਅਤੇ ਅਮਲ ਕਰਨ ਵਾਸਤੇ ਹੈ । ਅਖੰਡ ਪਾਠ ਜਾਂ ਰਸਮੀ ਸਹਿਜ ਪਾਠ ਜਾਂ ਹਫ਼ਤਾਵਾਰੀ (ਸਪਤਾਹਿਕ) ਸਹਿਜ ਪਾਠ ਨਾਲ ਇਹ ਮੁਮਕਿਨ ਨਹੀਂ ਕਿਉਂਕਿ ਅਜਿਹਾ ਕਰਦਿਆਂ ਸ਼ਬਦ ਵਿਚਾਰ ਨਹੀਂ ਹੋ ਸਕਦੀ । ਯੱਤਨ ਕਰਨਾ ਚਾਹੀਦਾ ਹੈ ਕਿ ਪਾਠ ਇੱਕਲਵਾਝੇ ਥਾਂ ’ਤੇ ਸ਼ਾਂਤ ਮਾਹੌਲ ਵਿਚ ਸੋਚ-ਸਮਝ ਕੇ ਕੀਤਾ ਜਾਵੇ ।

ਅਖੰਡ ਪਾਠ, ਸੰਪਟ ਪਾਠ, ਇਕੋਤਰੀਆਂ, ਪਾਠਾਂ ਦੀਆਂ ਲੜੀਆਂ (ਇੱਕੋ ਥਾਂ ’ਤੇ ਇਕ ਤੋਂ ਵਧ ਪਾਠ) ਮਨਮਤਿ ਹਨ ।

ਗੁਰਸ਼ਬਦ ਦੀ ਵਿਚਾਰ ਹਰ ਇਕ ਗੁਰਸਿੱਖ ਅਤੇ ਹਰ ਇਨਸਾਨ ਦੇ ਜੀਵਨ ਦਾ ਆਧਾਰ ਹੈ । ਨਿੱਜੀ ਸਹਿਜ ਪਾਠ ਕਰਨਾ/ਸੁਣਨਾ ਹੀ ਗੁਰਸ਼ਬਦ ਨੂੰ ਵਿਚਾਰਨ ਦਾ ਸਹੀ ਢੰਗ ਹੈ ।

ਕਿਸੇ ਖ਼ਾਸ ਗੁਰਬਾਣੀ ਸ਼ਬਦ ਨੂੰ ਕਿਸੇ ਖ਼ਾਸ ਤਰੀਕੇ (ਵਿਧੀ) ਨਾਲ ਪੜ੍ਹਨ, ਸੁਣਨ, ਰਟਣ ਨਾਲ ਕਿਸੇ ਬਿਮਾਰੀ ਨੂੰ ਦੂਰ ਕਰਨ ਜਾਂ ਕਿਸੇ ਮਸਲੇ ਦੇ ਹੱਲ ਹੋਣ ਜਾਂ ਕਿਸੇ ਨਿਸ਼ਾਨੇ ਦੀ ਪੂਰਤੀ ਹੋਣ ਦਾ ਵਿਚਾਰ ਮਨਮਤਿ ਹੈ । ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ (੧ੴ ਤੋਂ ਮੁੰਦਾਵਣੀ ਤਕ) ਦੀ ਇੱਕੋ ਜਿੰਨੀ ਅਹਿਮੀਅਤ ਤੇ ਉਪਦੇਸ਼ ਹੈ । ਗੁਰਬਾਣੀ ਸਿਧਾਂਤਾਂ ਨੂੰ ਡੂੰਘਾਈ ਨਾਲ ਜਾਣਨ ਵਾਸਤੇ ਪੰਜਾਬੀ ਬੋਲੀ, ਗੁਰਮੁਖੀ ਲਿੱਪੀ ਪੜ੍ਹਨਾ/ਲਿਖਣਾ ਤੇ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰ ਸਕਣ ਵਿਚ ਫ਼ਾਇਦੇਮੰਦ ਹੈ ।

ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨਤਾ ‘ਮੁੰਦਾਵਣੀ (...ਤਨ ਮਨ ਥੀਵੈ ਹਰਿਆ) ’ਤੇ ਹੁੰਦੀ ਹੈ । ਰਾਗ ਮਾਲਾ ਗੁਰਬਾਣੀ ਨਹੀਂ ਅਤੇ ਨਾ ਹੀ ਗੁਰੂ ਗ੍ਰੰਥ ਸਾਹਿਬ ਦਾ ਹਿੱਸਾ ਹੈ । ਇਸ ਕਰਕੇ, ਰਾਗ ਮਾਲਾ, ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਛਪਣੀ ਚਾਹੀਦੀ ।

ਲੜੀਵਾਰ/ਜੁੜਵੇਂ ਜਾਂ ਪਦਛੇਦ ਬੀੜ/ਸਰੂਪ ਵਿਚੋਂ ਪਾਠ ਕਰਨਾ ਇੱਕੋ ਬਰਾਬਰ ਹੈ ।

ਗੁਰਬਾਣੀ ਦੇ ਪਾਠ ਨੂੰ ਸਮਾਂ, ਹੱਦ (ਸੀਮਾ) ਅਤੇ ਦਿਨ/ਦਿਹਾੜੇ/ਤਿਓਹਾਰ ਨਾਲ ਸਬੰਧਤ ਕਰਨਾ ਮਨਮਤਿ ਹੈ ।

## ਹੁਕਮ ਲੈਣਾ:

੧. ਗੁਰੂ ਗ੍ਰੰਥ ਸਾਹਿਬ ਵਿੱਚੋਂ ਕੋਈ ਵੀ ਸ਼ਬਦ ਪੜ੍ਹਨਾ ਹੀ ਹੁਕਮ ਲੈਣਾ ਹੈ ਕਿਉਂਕਿ ਸਾਰੀ ਬਾਣੀ ਹੀ ਇਕ ਬਰਾਬਰ ‘ਹੁਕਮ’ ਹੈ ।

੨. ਹੁਕਮ ਸੁਣਾਉਣ ਵੇਲੇ ਰਹਾਉ ਦੀ ਪੰਕਤੀ (ਲਾਈਨ) ਹੀ ਦੁਹਰਾਈ ਜਾ ਸਕਦੀ ਹੈ, ਆਖ਼ਰੀ ਜਾਂ ਪਹਿਲੀ ਨਹੀਂ ।

੩. ਹੁਕਮ ਲੈਣ ਤੋਂ ਪਹਿਲਾਂ, ੧ੴ ਤੋਂ ਗੁਰ ਪ੍ਰਸਾਦਿ ਤਕ ਹੀ ਪੜ੍ਹਿਆ ਜਾਵੇ । ਹੋਰ ਵਧੇਰੇ ‘ਮੰਗਲਾਚਰਣ’ ਦੇ ਸ਼ਬਦ ਪੜ੍ਹਣੇ ਜ਼ਰੂਰੀ ਨਹੀ ।

੪. ਹੁਕਮ ਲਏ ਜਾਣ ਸਮੇਂ, ਸੰਗਤਾਂ ਵਿੱਚੋਂ ਕੋਈ ਵੀ ਨਾਲ-ਨਾਲ ਨਾ ਬੋਲੇ । ਸਿਰਫ਼ ਇਕਾਗਰਤਾ ਨਾਲ ਹੁਕਮ ਨੂੰ ਸੁਣਿਆ ਜਾਵੇ ਅਤੇ ਸ਼ਬਦ ਦੇ ਭਾਵ-ਅਰਥ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਜਾਵੇ ਤਾਂ ਜੋ ਅਸੀਂ ਜੀਵਣ ਜਾਂਚ ਦੀ ਸੇਧ ਲੈ ਸਕੀਏ ।

## ਕੜਾਹ ਪ੍ਰਸ਼ਾਦ:

ਕੜਾਹ ਪ੍ਰਸ਼ਾਦ ਤਿਆਰ ਕਰਨ ਦੀ ਵਿਧੀ ਇਹ ਹੈ: ਸੁਅੱਛ ਭਾਂਡਾ, ਇਕੋ ਜਿਹਾ ਕਣਕ ਦਾ ਆਟਾ, ਸ਼ੱਕਰ/ਘੰਡ/ਚੀਨੀ ਅਤੇ ਘੀ । ਸਾਫ ਬਰਤਨ ਵਿਚ ਪਾ ਕੇ, ਸੁਅੱਛ ਕਪੜੇ ਨਾਲ ਢੱਕ ਕੇ, ਗੁਰੂ ਗਰੰਥ ਸਾਹਿਬ ਦੀ ਹਜ਼ੂਰੀ ਵਿਚ ਇਕ ਚੌਕੀ ਉਪਰ ਰਖ ਦਿੱਤਾ ਜਾਵੇ । ਅਰਦਾਸਿ ਅਤੇ ਹੁਕਮ ਲੈਣ ਤੋਂ ਬਾਅਦ ਪਰਵਾਨਗੀ ਲਈ ਕਿਰਪਾਨ ਭੇਟ ਕਰਕੇ, ਪਹਿਲਾਂ ਪੰਜਾਂ ਪਿਆਰਿਆਂ ਨੂੰ ਦਿੱਤਾ ਜਾਵੇ ਅਤੇ ਫਿਰ ਸੰਗਤ ਵਿਚ ਵਰਤਾਇਆ ਜਾਵੇ ।

## ਗੁਰੂ ਕਾ ਲੰਗਰ:

ਗੁਰੂ ਕਾ ਲੰਗਰ ਸਾਰੀ ਸੰਗਤ ਵਲੋਂ ਸਾਂਝੀ ਤੌਰ ‘ਤੇ ਹੀ ਹੋਣਾ ਚਾਹੀਦਾ ਤਾਂ ਜੋ ਹਰੇਕ ਪ੍ਰਾਣੀ ਤਿਲ-ਫੁਲ ਸੇਵਾ ਵਿਚ ਹਿੱਸਾ ਪਾ ਸਕੇ । ਜੇ ਕਿਸੇ ਪਰਿਵਾਰ ਵਲੋਂ ਨਿੱਜੀ ਪ੍ਰੋਗਰਾਮ ਹੋਵੇ ਤਾਂ ਐਸਾ ਇੱਕਲਾ ਪਰਿਵਾਰ ਭੀ ਸੇਵਾ ਕਰ ਸਕਦਾ ਹੈ, ਪਰ ਲੰਗਰ ਸਾਦਾ ਹੋਵੇ ਅਤੇ

ਮਲਕ ਭਾਗੋ ਦੀ ਨਕਲ ਨਾ ਕੀਤੀ ਜਾਵੇ । ਲੰਗਰ ਵਾਲਾ ਥਾਲ / ਥਾਲੀ ਅਤੇ ਪਾਣੀ ਦਾ ਭਰਿਆ ਗਲਾਸ ਆਦਿਕ ਗੁਰੂ ਗਰੰਥ ਸਾਹਿਬ ਦੀ ਹਜ਼ੂਰੀ ਵਿਚ ਲਿਆਉਣ ਦੀ ਕੋਈ ਲੋੜ ਨਹੀਂ । ਇਸ ਵਾਰੇ ਸੰਖੇਪ ਅਰਦਾਸਿ ਲੰਗਰ ਹਾਲ ਵਿਚ ਹੀ ਕਰ ਲੈਣੀ ਚਾਹੀਦੀ ਹੈ । ਲੰਗਰ, ਪੰਗਤ ਵਿਚ ਬੈਠ ਕੇ ਹੀ ਛੱਕਣਾ ਚਾਹੀਦਾ ਹੈ, ਜਿਸ ਦਾ ਭਾਵ ਸਿੱਖੀ ਵਿਚ ਸੇਵਾ ਦੀ ਮਹੱਤਤਾ ਅਤੇ ਉਚ-ਨੀਚ, ਛੂਤ-ਛਾਤ ਦੇ ਭਰਮ ਨੂੰ ਮਿਟਾਉਣਾ ਕਿਉਂਕਿ ਸਿੱਖ ਧਰਮ ਕਿਸੇ ਜਾਤ-ਪਾਤ ਨੂੰ ਨਹੀਂ ਮੰਨਦਾ ।

## ਹੋਰ ਸੇਵਾ:

ਗੁਰਦੁਆਰਾ ਸੱਭ ਦਾ ਸਾਂਝਾ ਅਸਥਾਨ ਹੋਣ ਕਰਕੇ, ਸਾਨੂੰ ਨਿਸ਼ਕਾਮ ਸੇਵਾ ਕਰਨੀ ਚਾਹੀਦੀ ਹੈ ਜਿਵੇਂ ਸਾਫ-ਸਫਾਈ, ਫੁਲਵਾੜੀ ਦੀ ਦੇਖ਼-ਭਾਲ, ਜੋੜਿਆਂ ਦਾ ਪ੍ਰਬੰਧ, ਕਾਰ-ਪਾਰਕ, ਆਦਿਕ । ਤਨ, ਮਨ, ਧਨ ਦਾ ਦਸਵੰਧ ਭੀ ਸੇਵਾ ਲਈ ਵਰਤਿਆ ਜਾਵੇ ।

## ਸਿੱਖ ਦੀ ਰਹਿਣੀ:

ਸਿੱਖ ਦੀ ਰਹਿਣੀ, ਕਿਰਤ-ਵਿਰਤ, ਗੁਰੂ ਗਰੰਥ ਸਾਹਿਬ ਦੀ ਸਿੱਖਿਆ ਅਨੁਸਾਰ ਹੋਵੇ । ਗੁਰਮਤਿ ਇਹ ਹੈ:

(ੳ) ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਮੁਤਾਬਿਕ ਸਿਰਫ਼ ਤੇ ਸਿਰਫ਼ ਇਕ ਅਕਾਲ ਪੁਰਖ ਹੀ ਵਾਹਿਦ ਹਸਤੀ ਹੈ । ਕੇਵਲ ਇਕ ਅਕਾਲ ਪੁਰਖ ਨੂੰ ਹੀ ਆਪਣਾ ਇਸ਼ਟ ਮੰਨਣਾ । ਦਸ ਗੁਰੂ ਸਾਹਿਬਾਨ ਨੂੰ ਇੱਕੋ ਗਿਆਨ-ਜੋਤਿ ਸਮਝਣਾ ।

(ਅ) ਕਿਸੇ ਦੇਵੀ-ਦੇਵਤੇ ਜਾਂ ਦੇਹਧਾਰੀ ਨੂੰ ਨਹੀਂ ਮੰਨਣਾ ।

(ੲ) ਜ਼ਾਤ-ਪਾਤ, ਛੂਤ-ਛਾਤ, ਰੰਗ, ਨਸਲ, ਲਿੰਗ ਭੇਦ ਨੂੰ ਨਹੀਂ ਮੰਨਣਾ ।

(ਸ) ਜੰਤਰ-ਮੰਤਰ, ਜਾਦੂ-ਟੂਣਾ, ਧਾਗਾ ਤਾਵੀਜ਼, ਮੌਲੀ, ਕਾਲਾ ਇਲਮ, ਹੱਥ-ਹੌਲਾ (ਫਾਂਡਾ), ਝਾੜ-ਫੂਕ ਨੂੰ ਨਹੀਂ ਮੰਨਣਾ ।

(ਹ) ਭੂਤ ਪ੍ਰੇਤ, ਜਿੰਨ, ਡਾਇਣ ਚੁੜੇਲ, ਸ਼ਹੀਦੀ ਰੂਹ, ਓਪਰੀ ਹਵਾ, ਸ਼ੈਤਾਨ ਤੇ ਗ਼ੈਬੀ ਰੂਹ ਦੀ ਹੋਂਦ ਨੂੰ ਨਹੀਂ ਮੰਨਣਾ ।

(ਕ) ਸੁੱਖਣਾ, ਪੁੱਛਣਾ, ਮੰਨਤ, ਸ਼ੀਰਣੀ, ਪੀਰ, ਬ੍ਰਾਹਮਣ, ਪੁਜਾਰੀ, ਸਾਧ-ਸੰਤ-ਬਾਬਾ ਵਗ਼ੈਰਾ ਨੂੰ ਨਹੀਂ ਮੰਨਣਾ ।

(ਖ) ਸ਼ਗਣ-ਅਪਸ਼ਗਣ, ਘੜੀ-ਮੁਹੂਰਤ, ਗ੍ਰਹਿ, ਲਗਣ, ਪਤਰੀ, ਰਾਸ਼ੀਆਂ, ਜੋਤਿਸ਼, ਥਿਤ-ਵਾਰ, ਦਿਨ-ਦਿਹਾੜੇ ਨੂੰ ਨਹੀਂ ਮੰਨਣਾ । ਐਸੇ *ਸਾਰੇ ਅੰਧ-ਵਿਸ਼ਵਾਸ਼ ਗੁਰਮਤਿ ਦੇ ਉਲਟ ਹਨ ।*

(ਗ) ਸੰਗਰਾਂਦ, ਮੱਸਿਆ, ਪੂਰਨਮਾਸ਼ੀ, ਇਕਾਦਸ਼ੀ, ਦੁਆਦਸ਼ੀ, ਪੰਚਮੀ, ਅਸ਼ਟਮੀ, ਨੌਮੀਂ, ਦਸਮੀਂ, ਦਿਵਾਲੀ, ਲੋਹੜੀ ਜਾਂ ਹੋਰ ਕਿਸੇ ਧਰਮਾਂ ਦੇ ਤਿਉਹਾਰ, ਆਦਿਕ ਮਨਾਉਣੇ ਗੁਰਮਤਿ ਦੇ ਅਸੂਲਾਂ ਦੇ ਉਲਟ ਅਤੇ ਸਿਰਫ ਮਨਮਤਿ ਦਾ ਹੀ ਪ੍ਰਗਟਾਵਾ ਹਨ ।

(ਘ) ਹੋਮ (ਹਵਨ), ਯੱਗ, ਧੂਫ਼, ਦੀਪ-ਜੋਤਿ ਨਹੀਂ ਕਰਨੇ ।

(ਙ) ਵੇਦ, ਸ਼ਾਸਤਰ, ਸਿੰਮ੍ਰਤੀਆਂ, ਪੁਰਾਨ, ਕੁਰਾਨ, ਗੀਤਾ, ਬਾਈਬਲ, ਅੰਜੀਲ, ਤੁਰੇਤ, ਜੰਬੂਰ, ਧਮਪਦ, ਰਾਮਾਇਣ, ਮਹਾਂਭਾਰਤ ਅਤੇ ਹੋਰ ਅਣਮਤੀ ਕਿਤਾਬਾਂ/ਗ੍ਰੰਥਾਂ 'ਤੇ ਇਤਬਾਰ ਨਹੀਂ ਕਰਨਾ । (ਇਨ੍ਹਾਂ ਨੂੰ ਆਪਣੀ ਨਿੱਜੀ ਜਾਣਕਾਰੀ ਵਾਸਤੇ ਪੜ੍ਹਿਆ ਜਾ ਸਕਦਾ ਹੈ ਤਾਂ ਜੋ ਦੂਸਰੇ ਧਰਮਾ ਵਾਰੇ ਜਾਣਕਾਰੀ ਹੋ ਸਕੇ) ।

(ਚ) ਗੋਰ, ਮੜ੍ਹੀ, ਮਸ੍ਹਾਨ, ਮੱਠ, ਸਮਾਧ, ਗੁੱਗਾ ਮਨਾਉਣਾ, ਵਰਮੀ ਪੂਜਣਾ, ਪੀਰ ਸਖੀ ਸਰਵਰ, ਵਿਸ਼ਵਕਰਮਾ, ਵਗ਼ੈਰਾ ਸਥਾਨਾਂ ਨੂੰ ਉੱਕਾ ਹੀ ਨਹੀਂ ਮੰਨਣਾ ।

(ਛ) ਤਿਲਕ, ਜੰਞੂ, ਤੁਲਸੀ ਮਾਲਾ, ਸ਼ਿਖਾ-ਸੂਤ, ਮੌਲੀ, ਤਰਪ, ਮੁਕਟ ਤੇ ਹੋਰ ਅਣਮਤੀ ਚਿੰਨ੍ਹ ਨਹੀਂ ਪਾਉਣੇ/ਮੰਨਣੇ । ਕਿਸੇ ਸਮੇਂ ਵੀ ਮੁੰਡਣ, ਭੱਦਨ ਨਹੀਂ ਕਰਨੇ, ਨਾ ਹੀ ਐਸੀਆਂ ਰਸਮਾਂ ਵਿਚ ਸ਼ਰੀਕ ਹੋਣਾ ।

(ਜ) ਪਿੰਡ-ਪੱਤਲ, ਕਿਰਿਆ-ਕਰਮ, ਪਿੱਤਰ ਪੂਜਣੇ, ਸ਼ਰਾਧ, ਵਰ੍ਹੀਣਾ, ਛਿਮਾਹੀ, ਬਰਸੀ, ਵਗ਼ੈਰਾ ਨਹੀਂ ਮਨਾਉਣੇ । ਇਹ ਸੱਭ ਹਿੰਦੂ ਕਰਮ-ਕਾਂਡ ਹਨ ।

(ਝ) ਵਰ-ਸਰਾਪ, ਮੰਗਲ, ਸ਼ਨੀ, ਕੰਜਕਾਂ, ਵਰਤ, ਕਰਵਾ ਚੌਥ, ਰੋਜ਼ੇ ਨਹੀਂ ਮੰਨਣੇ । (ਆਉਣ ਵਾਲੇ ਸਮਿਆਂ ਵਿਚ ਜਾਂ ਮੁਕਾਮੀ ਜਾਂ ਦੂਜੇ ਹੋਰ ਜਾਣੇ-ਅਣਜਾਣੇ ਕਰਮ-ਕਾਂਡ ਅਤੇ ਅ-ਸਿੱਖ ਰਿਵਾਇਤਾਂ (ਜੋ ਗੁਰਬਾਣੀ ਦੀ ਸਿਖਿਆ ਮੁਤਾਬਿਕ ਨਹੀਂ ਹਨ) ਨੂੰ ਵੀ ਇਨ੍ਹਾਂ ਵਿਚ ਸ਼ਾਮਿਲ ਮੰਨਿਆ ਜਾਵੇ ।

(ਞ) ਸਿੱਖ ਸਾਰੇ ਮੱਤਾਂ ਤੋਂ ਨਿਆਰਾ ਰਹੇ ਪਰ, ਕਿਸੇ ਹੋਰ ਧਰਮ ਦੇ ਪ੍ਰਾਣੀ ਦਾ ਦਿਲ ਨ ਦੁਖਾਵੇ ਅਤੇ ਨਾ ਹੀ ਨਫਰਤ ਕਰੇ ।

(ਟ) ਕੋਈ ਵੀ ਸਮਾਗਮ ਕਰਨ ਵੇਲੇ, ਸ਼ਬਦ ਵੀਚਾਰ/ਕੀਰਤਨ ਵਗ਼ੈਰਾ ਘਰ ਵਾਲੇ ਆਪ ਕਰਨ ਜਾਂ ਕਿਸੇ ਨਿਸ਼ਕਾਮ ਪ੍ਰਚਾਰਕ ਤੋਂ ਕਰਵਾਉਣ ।

(ਠ) ਸਾਰੇ ਘਰੇਲੂ ਸਮਾਗਮ ਸਾਦਗੀ ਭਰਪੂਰ ਹੋਣ ਅਤੇ ਅਡੰਬਰ ਤੇ ਵਾਧੂ ਦਿਖਾਵੇ ਤੋਂ ਗੁਰੇਜ਼ ਕੀਤਾ ਜਾਵੇ ।

(ਡ) ਬੱਚਿਆਂ ਦੇ ਜਮਾਂਦਰੂ ਕੇਸ ਸਾਬਿਤ ਰੱਖੋ । ਓਪਰੇਸ਼ਨ ਦੌਰਾਨ ਕੱਟੇ ਗਏ ਕੇਸਾਂ/ਰੋਮਾਂ ਦਾ ਵਹਿਮ ਭਰਮ ਨਹੀਂ ਕਰਨਾ ।

(ਢ) ਸਿੱਖ ਕਿਸੇ ਕਿਸਮ ਦਾ ਨਸ਼ਾ ਨਾ ਵਰਤੇ । ਤੰਬਾਕੂ ਜਾਂ ਹੋਰ ਕੋਈ ਨਸ਼ੀਲਾ ਪਦਾਰਥ ਭੀ ਨਾ ਵਰਤੇ ।

(ਣ) ਗੁਰੂ ਦਾ ਸਿੱਖ, ਧੀ ਨਾ ਮਾਰੇ ਤੇ ਲਿੰਗ ਦੇ ਵਿਤਕਰੇ ਵਜੋਂ ਭਰੂਣ-ਹੱਤਿਆ ਨਾ ਕਰੇ ।

(ਤ) ਹਰੇਕ ਸਿੱਖ ਬਚੇ/ਬਚੀ ਅਤੇ ਸਿੱਖ ਪਰਿਵਾਰ ਲਈ ਪੰਜਾਬੀ ਬੋਲੀ ਭਾਵ ਗੁਰਮੁਖੀ ਵਿਦਿਆ ਪੜ੍ਹਨੀ ਜ਼ਰੂਰੀ ਹੈ । ਇਸ ਤਰ੍ਹਾਂ, ਨਿੱਤ-ਨੇਮ ਅਤੇ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਦਾ ਪਾਠ ਕਰਨ ਅਤੇ ਸਮਝਣ ਵਿਚ ਆਸਾਨੀ ਰਹਿੰਦੀ ਹੈ ।

(ਥ) ਸਿੱਖ ਨਾਰੀ ‘ਤੇ ਮਰਦ ਨੂੰ ਨੱਕ, ਕੰਨ, ਆਦਿਕ ਛੇਦਨਾ ਮਨ੍ਹਾ ਹੈ ।

(ਦ) ਸਿੱਖ ਧਰਮ ਦੀ ਕਿਰਤ ਕਰੇ ਅਤੇ ਕਿਸੇ ਨਾਲ ਕੋਈ ਬੇਈਮਾਨੀ ਨਾ ਕਰੇ ।

(ਧ) ਸਿੱਖ ਆਪਣੀ ਧਰਮ ਦੀ ਕਮਾਈ ਵਿਚੋਂ ਦਸਵੰਧ, ਗ਼ਰੀਬ ਪਰਿਵਾਰਾਂ ਦੀ ਸਹਾਇਤਾ ਲਈ ਵਰਤੇ ।

(ਨ) ਸਿੱਖ ਕਿਸੇ ਤਰ੍ਹਾਂ ਦੀ ਚੋਰੀ-ਯਾਰੀ, ਜੂਆ, ਲਾਟਰੀ, ਘੋੜਿਆਂ ਦੀਆਂ ਦੌੜਾਂ, ਆਦਿਕ ਨ ਕਰੇ ।

(ਪ) ਸਿੱਖ ਇਸਤਰੀਆਂ ਲਈ ਪਰਦਾ ਜਾਂ ਘੁੰਡ ਕਰਨਾ ਮਨ੍ਹਾ ਹੈ ।

(ਫ) ਸਿੱਖ ਮਰਦ ਅਤੇ ਇਸਤਰੀ ਆਪਣੇ ਪਤੀ/ਪਤਨੀ-ਬਰਤ ਧਰਮ ‘ਚ ਰਹੇ ।

(ਬ) ਸਿੱਖ ਇਕ ਦੂਜੇ ਸਿੱਖ ਨੂੰ ਮਿਲਣ ਸਮੇਂ ‘ਵਾਹਿਗੁਰੂ ਜੀ ਕਾ ਖ਼ਾਲਸਾ  ਵਾਹਿਗੁਰੂ ਜੀ ਕੀ ਫ਼ਤਿਹ’ ਬੁਲਾਵੇ ।

## ਸਿੱਖ ਦਾ ਪਹਿਰਾਵਾ:

(ੳ) ਸਿੱਖ ਲਈ ਕਛਿਹਰਾ ਅਤੇ ਦਸਤਾਰ ਤੋਂ ਇਲਾਵਾ ਪਹਿਰਾਵੇ ਦੀ ਕੋਈ ਬੰਦਿਸ਼ ਨਹੀਂ । ਪਰ ਪਹਿਰਾਵਾ ਭੜਕਾਊ ਜਾਂ ਨੰਗੇਜ ਦਿਖਾਉਣ ਵਾਲਾ ਨਾ ਹੋਵੇ । ਗੁਰਬਾਣੀ ਸੇਧ ਦਿੰਦੀ ਹੈ: “ਬਾਬਾ  ਹੋਰ ਪੈਨਣੁ ਖੁਸੀ ਖੁਆਰੁ ॥ ਜਿਤੁ ਪੈਧੈ ਤਨੁ ਪੀੜੀਐ  ਮਨ ਮਹਿ ਚਲਹਿ ਵਿਕਾਰ ॥” (ਗੁਰੂ ਗਰੰਥ ਸਾਹਿਬ ਪੰਨਾ ੧੬)

(ਅ) ਸਿੱਖ ਬੀਬੀ, ਕੇਸਕੀ/ਦਸਤਾਰ ਜਾਂ ਸਕਾਰਫ਼-ਸਣੇ ਦੁਪੱਟਾ ਕਿਸੇ ਨਾਲ ਵੀ ਸਿਰ ਢੱਕ ਸਕਦੀ ਹੈ ।

## ਜਨਮ ਤੇ ਨਾਂ:

(ੳ) ਬੱਚੇ-ਬੱਚੀ ਦੇ ਜਨਮ ’ਤੇ ਮਾਂ-ਬਾਪ ਅਕਾਲ ਪੁਰਖ ਦੇ ਸ਼ੁਕਰਾਨੇ ਦੀ ਅਰਦਾਸਿ ਕਰਨ । ਇਹ ਅਰਦਾਸਿ ਗੁਰਦੁਆਰੇ, ਘਰ ਜਾਂ ਹੋਰ ਵੀ ਕਿਸੇ ਉਚਿਤ ਥਾਂ ਕੀਤੀ ਜਾ ਸਕਦੀ ਹੈ ।

(ਅ) ਬੱਚੇ ਦਾ ਨਾਂ, ਮਾਂ-ਬਾਪ ਆਪਣੀ ਸਹੂਲਤ ਮੁਤਾਬਿਕ, ਗੁਰੂ ਗ੍ਰੰਥ ਸਾਹਿਬ ਵਿੱਚੋਂ ਕਿਸੇ ਵੀ ਅੱਖਰ ’ਤੇ ਰੱਖ ਕੇ ਸ਼ਬਦ ਗੁਰੂ ਅੱਗੇ ਸ਼ੁਕਰਾਨੇ ਦੀ ਅਰਦਾਸਿ ਕਰੇ । ਲੜਕੇ ਦੇ ਨਾਂ ਨਾਲ “ਸਿੰਘ” ਅਤੇ ਲੜਕੀ ਦੇ ਨਾਂ ਨਾਲ “ਕੌਰ” ਲਾਉਣਾ ਲਾਜ਼ਮੀ ਹੈ । ਨਾਂ ਨਾਲ ਜ਼ਾਤ-ਗੋਤ ਲਾਉਣਾ ਮਨਮਤਿ ਹੈ ।

(ੲ) ਟੇਵਾ-ਕੁੰਡਲੀ, ਜਨਮ-ਪੱਤਰੀ ਅਤੇ ਸੂਤਕ-ਪਾਤਕ, ਕਿਸੇ ਦੇਵੀ ਮਾਤਾ ਦਾ ਚੌਂਕੇ ਚੜ੍ਹਾਉਣਾ, ਆਦਿਕ ਸਿੱਖ ਸਿਧਾਤਾਂ ਵਿਚ ਕੋਈ ਥਾਂ ਨਹੀਂ ।

(ਸ) ਨਿੰਮ-ਸ਼ਰੀਂਹ ਬੰਨਣਾ ਵਗ਼ੈਰਾ ਕੋਈ ਅਨਮਤੀ ਰੀਤ ਨਹੀਂ ਕਰਨੀ ।

(ਹ) ਬੱਚੇ ਦੀ ‘ਨਜ਼ਰ ਉਤਾਰਨਾ’ ਮਨਮਤਿ ਹੈ ।

(ਕ) ਸਿੱਖ ਧਰਮ ਵਿਚ ‘ਗੁੜ੍ਹਤੀ’ ਜਾਂ ਚੁਲ੍ਹੇ ਲੈਣ ਦਾ ਕੋਈ ਸਿਧਾਂਤ ਨਹੀਂ ਹੈ ।

## ਖੰਡੇ ਦੀ ਪਾਹੁਲ:

ਖੰਡੇ ਦੀ ਪਾਹੁਲ ਲੈਣਾ, ਗੁਰੂ ਨਾਲ ਪ੍ਰਣ ਕਰਨਾ ਹੈ ਕਿ ਅੱਜ ਤੋਂ ਮੈਂ ਆਪਣਾ ਜੀਵਨ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਅਨੁਸਾਰ ਹੀ ਬਿਤਾਵਾਂਗਾ/ਗੀ ਅਤੇ ਗੁਰਮਤਿ ਤੋਂ ਉਲਟ ਕੋਈ ਕੰਮ ਜਾਣ ਬੁਝ ਕੇ ਨਹੀਂ ਕਰਾਂਗਾ/ਗੀ ।

੧. ਖੰਡੇ ਦੀ ਪਾਹੁਲ ਦੀ ਰਸਮ ਇਕਾਂਤ ਜਗ੍ਹਾ 'ਤੇ ਹੋਵੇ । ਉੱਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਲਾਜ਼ਮੀ ਹੈ । ਇਸ ਕਾਰਜ ਵਾਸਤੇ ਤਿਆਰ-ਬਰ-ਤਿਆਰ ਛੇ ਗੁਰੂ ਦੇ ਸਿੰਘ/ਕੌਰ (ਇਸਤਰੀ ਤੇ ਮਰਦ ਦੋਵੇਂ ਹਿੱਸਾ ਲੈ ਸਕਦੇ ਹਨ) ਹਾਜ਼ਰ ਹੋਣ । ਇਨ੍ਹਾਂ ਵਿੱਚੋਂ ਇਕ ਤਾਬਿਆ ਬੈਠੇ ਤੇ ਬਾਕੀ ਪੰਜ ਖੰਡੇ ਦੀ ਪਾਹੁਲ ਤਿਆਰ ਕਰਨ । ਇਨ੍ਹਾਂ ਪੰਜਾਂ ਵਿੱਚੋਂ ਕੋਈ ਅੰਗਹੀਣ (ਜੇ ਉਹ ਸੇਵਾ ਨਿਭਾਉਣ ਦੇ ਅਸਮਰਥ ਹੋਵੇ) ਜਾਂ ਦੀਰਘ ਛੂਤ ਦੇ ਰੋਗ ਵਾਲਾ ਨਾ ਹੋਵੇ । ਸੱਭ ਦਰਸ਼ਨੀ ਸਿੰਘ/ਕੌਰ ਹੋਣ ਅਤੇ ਕੋਈ ਤਨਖ਼ਾਹੀਆ ਨਾ ਹੋਵੇ ।

੨. ਹਰ ਪ੍ਰਾਣੀ ਮਾਤਰ ਬਿਨਾਂ ਕਿਸੇ ਭੇਦ-ਭਾਵ ਦੇ ਖੰਡੇ ਦੀ ਪਾਹੁਲ ਲੈਣ ਦਾ ਹੱਕਦਾਰ ਹੈ ਬਸ਼ਰਤੇ ਕਿ ਉਹ ਸਿੱਖ ਧਰਮ ਗ੍ਰਹਿਣ ਕਰਨ ਅਤੇ ਇਸ ਦੇ ਅਸੂਲਾਂ 'ਤੇ ਚੱਲਣ ਦਾ ਪ੍ਰਣ ਕਰੇ ।

੩. ਖੰਡੇ ਦੀ ਪਾਹੁਲ ਲੈਣ ਵਾਲਾ ਬਹੁਤ ਛੋਟੀ ਉਮਰ ਦਾ ਨਾ ਹੋਵੇ ਅਤੇ ਹੋਸ਼ ਸੰਭਾਲੀ ਹੋਵੇ, ਭਾਵ ਕਿ ਪੰਦਰਾਂ ਸਾਲ ਤੋਂ ਘੱਟ ਉਮਰ ਦਾ ਨੋ ਹੋਵੇ ਤਾਂ ਜੋ ਉਹ ਆਪਣਾ ਸਿੱਖੀ ਫ਼ਰਜ਼ ਪੂਰੀ ਤਰ੍ਹਾਂ ਨਿਭਾਅ ਸਕੇ । ਪਾਹੁਲ ਲੈਣ ਸਮੇਂ ਪੰਜ ਕਕਾਰ ਧਾਰਨ ਕੀਤੇ ਹੋਣ । ਉਸ ਕੋਲ ਅਨਮਤਿ ਦਾ ਕੋਈ ਚਿੰਨ੍ਹ ਨਾ ਹੋਵੇ, ਸਿਰ ਨੰਗਾ ਜਾਂ ਟੋਪੀ ਨਾ ਹੋਵੇ (ਭਾਵ, ਦਸਤਾਰ/ਚੁੰਨੀ ਨਾਲ ਸਿਰ ਢਕਿਆ ਹੋਵੇ) । ਛੇਦਕ ਗਹਿਣੇ ਨਾ ਪਾਏ ਹੋਣ । ਅਦਬ ਨਾਲ ਹੱਥ ਜੋੜ ਕੇ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਖੜ੍ਹੇ ਹੋਣ ।

੪. ਜੇ ਕਿਸੇ ਅਭਿਲਾਖੀ ਨੇ ਕੋਈ ਬਜਰ ਕੁਰਹਿਤ ਕਾਰਣ, ਮੁੜ ਪਾਹੁਲ ਲੈਣੀ ਹੋਵੇ ਤਾਂ ਪੰਜ ਪਿਆਰੇ ਉਸ ਨੂੰ ਤਨਖ਼ਾਹ ਲਾ ਲੈਣ ।

੫. ਖੰਡੇ ਦੀ ਪਾਹੁਲ ਦੇਣ ਵਾਲੇ ਪੰਜਾਂ ਪਿਆਰਿਆਂ ਵਿੱਚੋਂ ਕੋਈ ਇਕ ਪਾਹੁਲ ਲੈਣ ਵਾਲਿਆਂ ਨੂੰ ਖੰਡੇ ਦੀ ਪਾਹੁਲ ਦੇ ਫ਼ਲਸਫ਼ੇ ਨੂੰ ਸੰਖੇਪ ਵਿਚ ਸਮਝਾਵੇ ਕਿ ਸਿੱਖ ਧਰਮ ਇਕ ਅਕਾਲ ਪੁਰਖ ਵਿਚ ਹੀ ਵਿਸ਼ਵਾਸ਼ ਰੱਖਦਾ ਹੈ । ਇਸ ਦੀ ਪੂਰਨਤਾ ਲਈ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਗੁਰਬਾਣੀ ਦਾ ਅਭਿਆਸ, ਸਤ-ਸੰਗਤ ਤੇ ਪੰਥ ਦੀ ਸੇਵਾ, ਆਦਿਕ ਮੁੱਖ ਅਸੂਲ ਹਨ । ਫਿਰ ਇਹ ਪੁੱਛਿਆ ਜਾਵੇ ਕਿ ਕੀ ਤੁਸੀਂ ਸਿੱਖ ਧਰਮ ਨੂੰ ਆਪਣੀ ਖੁਸ਼ੀ ਨਾਲ ਕਬੂਲ ਕਰ ਰਹੇ ਹੋ ਅਤੇ ਕਿਸੇ ਡਰ, ਲਾਲਚ, ਮਜਬੂਰੀ ਕਰਕੇ ਨਹੀਂ ਸਿੱਖੀ ਵਿਚ ਸ਼ਾਮਿਲ ਹੋ ਰਹੇ ਹੋ । ਜਵਾਬ ਹਾਂ ਵਿਚ ਮਿਲਣ ਮਗਰੋਂ, ਖੰਡੇ ਦੀ ਪਾਹੁਲ ਤਿਆਰ ਕਰਨੀ ਸ਼ੁਰੂ ਕੀਤੀ ਜਾਵੇ ।

੬. ਬਾਟਾ ਸਰਬ ਲੋਹ/ਸਟੀਲ ਦਾ ਹੋਵੇ ਅਤੇ ਛੋਟੀ ਚੌਂਕੀ 'ਤੇ ਰੱਖਿਆ ਹੋਵੇ । ਬਾਟੇ ਵਿਚ ਸਾਫ਼ ਪਾਣੀ ਅਤੇ ਪਤਾਸੇ ਪਾਏ ਜਾਣ (ਜੋ ਘਟ ਤੋਂ ਘਟ ਹੋਣ) । ਪੰਜ ਪਿਆਰੇ ਬਾਟੇ ਦੇ ਇਰਦ-ਗਿਰਦ ਬੈਠ ਕੇ, ਪੰਜ ਬਾਣੀਆਂ ਦਾ ਪਾਠ ਕਰਨ: ੧. ਜਪੁ ਜੀ ਸਾਹਿਬ, ੨. ਆਸਾ ਕੀ ਵਾਰ, ੩. ਅਨੰਦ ਸਾਹਿਬ, ੪. ਰਹਿਰਾਸ ਸੋਦਰ 'ਤੇ ਸੋ ਪੁਰਖ ਦੇ ਸ਼ਬਦ ਅਤੇ ੫. ਸੋਹਿਲਾ ।

੭. ਪੰਜਾਂ ਪਿਆਰਿਆਂ ਦੀ ਸੁਰਤ ਤੇ ਧਿਆਨ ਇਸ ਕਾਰਜ ਸਮੇਂ ਪਾਹੁਲ ਅਤੇ ਗੁਰਬਾਣੀ ਵਿਚ ਇਕਾਗਰ ਹੋਵੇ । ਪੰਜੇ ਪਿਆਰੇ ਮਿਲ ਕੇ ਇਕ ਇਕ ਬਾਣੀ ਦਾ ਪਾਠ ਕਰਨ ਅਤੇ ਨਾਲ ਹੀ ਬਾਰੋ-ਬਾਰੀ ਜਲ ਵਿਚ ਖੰਡਾ ਫੇਰੀ ਜਾਣ ।

੮. ਪੰਜਾਂ ਬਾਣੀਆਂ ਦੇ ਪਾਠ ਉਪ੍ਰੰਤ, ਪ੍ਰਵਾਨਗੀ ਲਈ ਅਰਦਾਸਿ ਕੀਤੀ ਜਾਵੇ ।

੯. ਜਿਸ ਪ੍ਰਾਣੀ ਨੇ ਸੰਪੂਰਨ ਕਾਰਜ ਵਿਚ ਹਿੱਸਾ ਲਿਆ ਹੋਵੇ ਸਿਰਫ਼ ਉਹੀ ਪਾਹੁਲ ਲੈ ਸਕਦਾ ਹੈ ।

੧●. ਫਿਰ, ਅਕਾਲ ਪੁਰਖ ਦਾ ਧਿਆਨ ਧਰ ਕੇ, ਹਰ ਇਕ ਪਾਹੁਲ ਲੈਣ ਵਾਲੇ ਨੂੰ ਉਸ ਦੇ ਖੱਬੇ ਹੱਥ ਉੱਤੇ ਸੱਜਾ ਹੱਥ ਰਖਵਾ ਕੇ, ਉਸ ਨੂੰ ਪੰਜ ਚੂਲੇ ਛਕਾਏ ਜਾਣ ਅਤੇ 'ਵਾਹਿਗੁਰੂ ਜੀ ਕਾ ਖ਼ਾਲਸਾ  ਵਾਹਿਗੁਰੂ ਜੀ ਕੀ ਫ਼ਤਿਹ' ਬੁਲਾਈ ਜਾਵੇ । ਇੰਜ, ਸਾਰੇ ਅਭਿਲਾਖੀਆਂ ਨਾਲ ਕੀਤਾ ਜਾਵੇ । ਬਾਕੀ ਬਚੀ ਹੋਈ ਪਾਹੁਲ ਨੂੰ, ਪਾਹੁਲ ਲੈਣ ਵਾਲੇ ਸਾਰੇ ਇਕੋ ਬਾਟੇ ਵਿਚੋਂ ਰਲ ਕੇ ਛਕਣ ।

੧੧. ਇਸ ਮਗਰੋਂ ਪੰਜ ਪਿਆਰੇ ਮਿਲ ਕੇ, ਇੱਕੋ ਆਵਾਜ਼ ਵਿਚ ਖੰਡੇ ਦੀ ਪਾਹੁਲ ਗ੍ਰਹਿਣ ਕਰਨ ਵਾਲਿਆਂ ਨੂੰ, "ੴ ਤੋਂ ਲੈ ਕੇ  ਗੁਰ ਪ੍ਰਸਾਦਿ" ਤਕ ਅਕਾਲ ਪੁਰਖ ਦੇ ਗੁਣ ਦ੍ਰਿੜ ਕਰਵਾਉਣ ।

੧੨. ਫਿਰ, ਪੰਜ ਪਿਆਰਿਆਂ ਵਿੱਚੋਂ ਇਕ ਸਿੱਖ ਮਾਰਗ ਰਹਤ ਅਤੇ ਕੁਰਹਿਤਾਂ ਵਾਰੇ ਜਾਣਕਾਰੀ ਦੇਵੇ ।

੧੨. ਇਸ ਤੋਂ ਉਪ੍ਰੰਤ ਅਰਦਾਸਿ ਅਤੇ ਹੁਕਮ ਲੈ ਕੇ, ਸਾਰੇ ਸਿੱਖ ਸਿੰਘ / ਕੌਰ ਮਿਲ ਕੇ ਇੱਕੋ ਬਾਟੇ ਵਿੱਚੋਂ ਆਪਣੇ ਹੱਥੀਂ ਕੜਾਹ ਪ੍ਰਸ਼ਾਦ ਛੱਕਣ ।

ਜਿੰਨ੍ਹਾਂ ਪ੍ਰਾਣੀਆਂ ਨੇ ਖੰਡੇ ਦੀ ਪਾਹੁਲ ਗ੍ਰਹਿਣ ਕੀਤੀ, ਉਨ੍ਹਾਂ ਵਿਚੋਂ ਜੇ ਕਿਸੇ ਦਾ ਪਹਿਲਾਂ ਨਾਂ ਸਿੰਘ ਜਾ ਕੌਰ ਨਹੀਂ ਤਾਂ ਉਸ ਦਾ ਨਾਂ ਹੁਣ ਬਦਲ ਕੇ ਰੱਖਿਆ ਜਾਵੇ ਤਾਂ ਜੋ ਉਹ ਭੀ ਗੁਰੂ ਪੰਥ ਦੇ ਸਾਂਝੀਵਾਲ ਬਣ ਜਾਣ ।

## ਖੰਡੇ ਦੀ ਪਾਹੁਲ ਦੀਆਂ ਪੰਜ ਬਾਣੀਆਂ:

(੧) ਜਪੁ ਜੀ ਸਾਹਿਬ (ਪੰਨਾ ੧ ਤੋਂ ੮), (੨) ਆਸਾ ਕੀ ਵਾਰ (ਪੰਨਾ ੪੬੨ ਤੋਂ ੪੭੫), (੩) ਅਨੰਦ ਸਾਹਿਬ (੯੧੭ ਤੋਂ ੯੨੨), (੪) ਰਹਿਰਾਸ - ਸੋ ਦਰੁ ਤੇ ਸੋ ਪੁਰਖੁ (ਪੰਨਾ ੮ ਤੋਂ ੧੨) ਅਤੇ (੫) ਸੋਹਿਲਾ (ਪੰਨਾ ੧੨-੧੩) ।

## ਕਕਾਰ:

ਪੰਜ ਕਕਾਰ ਇਹ ਹਨ:

੧. ਕੇਸ, ੨. ਕੰਘਾ, ੩. ਕਛਿਹਰਾ, ੪. ਕੜਾ ਅਤੇ ੫. ਕਿਰਪਾਨ ।

(ਨੋਟ: ਕਿਰਪਾਨ ਦੀ ਘੱਟੋ-ਘਟ ਲੰਬਾਈ ਦਸਤੇ ਸਣੇ ੯ ਇੰਚ (੨੨.੮੬ ਸੈਂਟੀਮੀਟਰ) ਜਿਸ ਦਾ ਬਲੇਡ ੬ ਇੰਚ (੧੫.੨੪ ਸੈਂਟੀਮੀਟਰ) । ਪਰ, ਇਸ ਦਾ ਬਾਹਰ ਪ੍ਰਗਟਾਵਾ ਨਾ ਕੀਤਾ ਜਾਵੇ, ਸਗੋਂ ਕਮੀਜ਼ ਦੇ ਅੰਦਰ ਹੀ ਪਾਈ ਜਾਵੇ । ਕੇਸਾਂ ਵਿਚ ਦਾੜ੍ਹੀ, ਮੁੱਛਾਂ, ਭਰਵੱਟੇ ਅਤੇ ਹੋਰ ਰੋਮ ਭੀ ਸ਼ਾਮਲ ਹਨ; ਕੰਘਾ ਲਕੜ ਦਾ ਹੀ ਹੋਵੇ; ਕਛਹਿਰਾ ਕਿਸੇ ਵੀ ਕਪੜੇ ਜਾਂ ਰੰਗ ਦਾ ਅਰੇਬਦਾਰ ਹੀ ਹੋਵੇ ਅਤੇ ਕੜਾ ਸਟੀਲ ਦਾ ਹੋਵੇ, ਸੋਨੇ ਦਾ ਨਹੀਂ । ਇਵੇਂ ਹੀ, ਇਕ ਤੋਂ ਵਧੀਕ ਕੜੇ ਪਾਉਣੇ ਜਾਂ ਮਾਲਾ ਆਦਿਕ ਦਾ ਵਿਖਾਵਾ ਕਰਨਾ ਮਨਮਤਿ ਹੈ) ।

ਖੰਡੇ ਦੀ ਪਾਹੁਲ ਹਰ ਇਕ ਸਿੱਖ ਲਈ ਜ਼ਰੂਰੀ ਹੈ । ਪਰ, ਇਸ ਤੋਂ ਪਹਿਲਾਂ ਮਾਨਸਿਕ ਤਿਆਰੀ ਜ਼ਰੂਰੀ ਹੈ ।

**ਪਤਿਤ:** ਪਤਿਤ ਉਸ ਸਿੱਖ ਨੂੰ ਕਿਹਾ ਜਾਂਦਾ ਹੈ, ਜਿਸ ਨੇ ਆਪਣੇ ਕੇਸਾਂ, ਦਾੜ੍ਹੀ, ਮੁੱਛਾਂ. ਭਰਵਟਿਆਂ ਆਦਿਕ ਦੀ ਬੇ-ਅਦਬੀ ਕੀਤੀ ਹੋਵੇ ਜਾਂ ਜਿਸ ਸਿੱਖ ਨੇ ਖੰਡੇ ਦੀ ਪਾਹੁਲ ਗ੍ਰਹਿਣ ਕਰਕੇ, ਬਾਅਦ ਵਿਚ ਕੋਈ ਇਕ ਵੀ ਬਜਰ ਕੁਰਹਿਤ ਕੀਤੀ ਹੋਵੇ ।

## ਬਜਰ ਕੁਰਹਿਤਾਂ:

੧. ਕੇਸਾਂ ਅਤੇ ਹੋਰ ਰੋਮਾਂ ਦੀ ਬੇਅਦਬੀ ਕਰਨਾ ।

੨. ਕੁੱਠਾ ਜਾਂ ਹਲਾਲ ਖਾਣਾ (ਉਹ ਮਾਸ ਜਿਹੜਾ ਕਿਸੇ ਧਰਮ ਦੇ ਨਾਂ ’ਤੇ ਜਾਂ ਕੋਈ ਧਾਰਮਿਕ ਰਸਮ ਦੀ ਪੂਰਤੀ ਕਰਕੇ ਤਿਆਰ ਕੀਤਾ ਹੋਵੇ) ।

੩. ਪਰਾਈ ਨਾਰੀ/ਪੁਰਖ ਦਾ ਗਮਨ ਕਰਨਾ (ਭੋਗਣਾ) ।

੪. ਤੰਮਾਕੂ (ਕਿਸੇ ਵੀ ਰੂਪ ਵਿਚ) ਵਰਤਣਾ ।

(ਇਨ੍ਹਾਂ ਦਾ ਵਾਪਾਰ ਕਰਨਾ ਜਾਂ ਇਨ੍ਹਾਂ ਦੀ ਕਮਾਈ ਖਾਣਾ ਵੀ ਬਜਰ ਕੁਰਹਿਤ ਹੈ) ।

## ਤਨਖਾਹੀਏ ਇਹ ਹਨ:

੧. ਮੀਣੇ, ਧੀਰਮੱਲੀਏ, ਰਾਮਰਾਈਏ, ਮਸੰਦ, ਮਹੰਤ, ਨਾਮਧਾਰੀਏ, ਨਿਰੰਕਾਰੀਏ, ਰਾਧਾਸੁਆਮੀ, ਨੂਰਮਹਿਲੀਏ, ਸਿਰਸਾ ਡੇਰੇ ਵਾਲੇ ਅਤੇ ਹੋਰ ਜਿਹੜੇ ਦੇਹਧਾਰੀ ਨੂੰ ਗੁਰੂ ਮੰਨਦੇ ਹੋਣ ਜਾਂ ਉਨ੍ਹਾਂ ਦੀਆਂ ਧਾਰਮਿਕ ਰਸਮਾਂ ਵਿਚ ਸ਼ਾਮਿਲ ਹੋਣ ਵਾਲੇ ।

੨. ਕੁੜੀ ਮਾਰ (ਕੁੜੀ ਦੇ ਜਨਮ ਤੋਂ ਪਹਿਲਾਂ ਜਾਂ ਬਾਅਦ) ਨਾਲ ਵਰਤਣ ਵਾਲਾ ।

੩. ਕਿਸੇ ਕਿਸਮ ਦਾ ਵੀ ਨਸ਼ਾ ਕਰਨ ਵਾਲਾ ।

੪. ਦਾਜ ਲੈਣ ਜਾਂ ਦੇਣ ਵਾਲਾ ।

੫. ਮੂਰਤੀ, ਬੁੱਤ, ਸਮਾਧ, ਕਬਰ, ਥੜ੍ਹਾ ਤੇ ਤਸਵੀਰਾਂ ਵਗ਼ੈਰਾ ਨੂੰ ਸਿਰ ਨਿਵਾਉਣ/ਝੁਕਾਉਣ ਵਾਲਾ ।

੬. ਪਤਿਤ ਦੀ ਖ਼ੁਸ਼ੀ ਵਿਚ ਸ਼ਰੀਕ ਹੋਣ ਵਾਲਾ ।

੭. ਕਿਸੇ ਸਿੱਖ ਬੱਚੇ/ਬੱਚੀ ਦਾ ਰਿਸ਼ਤਾ, ਕਿਸੇ ਪਤਿਤ ਜਾਂ ਗ਼ੈਰ-ਸਿੱਖ ਨਾਲ ਕਰਨ/ਕਰਵਾਉਣ ਵਾਲਾ ।

੮. ਜ਼ਾਤ-ਪਾਤ ਦੇ ਨਾਂ 'ਤੇ ਵਿਤਕਰਾ/ਨਫ਼ਰਤ/ਈਰਖਾ ਕਰਨਾ ।

੯. ਸਿੱਖ ਜੀਵਨ-ਜਾਂਚ ਵਿਰੁੱਧ ਕੋਈ ਕੰਮ/ਕਾਰਵਾਈ/ਰਸਮ ਕਰਨਾ ।

੧੦. ਦਾਹੜਾ, ਮੁੱਛਾਂ, ਭਰਵੱਟੇ ਅਤੇ ਸਿਰ ਦੇ ਕੇਸ ਰੰਗਣ ਵਾਲਾ ।

## ਅਨੰਦ ਵਿਆਹ:

(ੳ) ਅਨੰਦ ਵਿਆਹ ਸਿਰਫ਼ ਗੁਰਦੁਆਰੇ ਵਿਚ ਹੀ ਹੋਵੇ, ਪਰ ਜਿੱਥੇ ਗੁਰਦੁਆਰਾ ਨਹੀਂ, ਉੱਥੇ ਹੋਰ ਥਾਂ 'ਤੇ ਵੀ ਕੀਤਾ ਜਾ ਸਕਦਾ ਹੈ । ਐਸੀ ਥਾਂ, ਗੁਰੂ ਗਰੰਥ ਸਾਹਿਬ ਦੇ ਪ੍ਰਕਾਸ਼ ਦੇ ਅਨਕੂਲ ਹੋਵੇ, ਜਿਥੇ ਸ਼ਰਾਬ/ਤੰਮਾਕੂ ਦੀ ਵਰਤੋਂ ਨਾ ਕੀਤੀ ਹੋਵੇ ।

(ਅ) ਹਰੇਕ ਸਿੱਖ, ਸਿੰਘ 'ਤੇ ਕੌਰ ਦਾ ਵਿਆਹ, ਅਨੰਦ ਮੈਰਿਜ ਐਕਟ (੧੯੦੯) ਮੁਤਾਬਿਕ ਰਜਿਸਟਰ ਕਰਵਾਵੇ ।

(ੲ) ਵਿਆਹ ਅਖੌਤੀ ਜ਼ਾਤ-ਪਾਤ, ਗੋਤ, ਬਿਰਾਦਰੀ, ਇਲਾਕਾ ਵਿਚਾਰੇ ਬਿਨਾ ਕੀਤਾ ਜਾਵੇ ।

(ਸ) ਸਿੱਖ ਮਰਦ/ਨਾਰੀ ਦਾ ਵਿਆਹ ਸਿਰਫ਼ ਸਿੱਖ ਨਾਰੀ/ਮਰਦ ਨਾਲ ਹੀ ਹੋਵੇ ।

(ਹ) ਰੋਕਾ, ਠਾਕਾ, ਸ਼ਗਨ, ਮੰਗਣੀ, ਜਾਂ ਸਮੇਂ-ਸਮੇਂ ਬਣਾਈਆਂ ਹੋਰ-ਹੋਰ ਰਸਮਾਂ ਦੀ ਬਜਾਏ, ਰਿਸ਼ਤਾ ਜੋੜਨ ਸਬੰਧੀ "ਕੀਤਾ ਲੋੜੀਏ ਕੰਮੁ ਸੁ ਹਰਿ ਪਹਿ ਆਖੀਐ" ਗੁਰੂ ਹੁਕਮ ਮੁਤਾਬਿਕ ਸਿਰਫ਼ ਸ਼ੁਕਰਾਨੇ ਦੀ ਅਰਦਾਸਿ ਹੀ ਕੀਤੀ ਜਾਵੇ ।

(ਕ) ਵਿਆਹ ਦਾ ਦਿਨ ਮੁਕੱਰਰ ਕਰਨ ਲੱਗਿਆਂ, ਥਿਤ-ਵਾਰ, ਮਹੂਰਤ, ਸ਼ੁੱਭ-ਅਸ਼ੁੱਭ ਜਾਂ ਪੱਤਰੀ ਵਾਚਣਾ ਵਗ਼ੈਰਾ ਅਨਮਤੀ ਕਰਮ ਨਾ ਕੀਤੇ ਜਾਣ ।

(ਖ) ਦੋਵਾਂ ਧਿਰਾਂ ਦੀ ਸਹੂਲਤ ਮੁਤਾਬਿਕ ਵਿਆਹ ਵਾਸਤੇ ਕੋਈ ਵੀ ਦਿਨ/ਸਮਾਂ (ਬਿਨਾਂ ਕਿਸੇ ਭਰਮ ਦੇ) ਨੀਯਤ ਕਰ ਲੈਣਾ ਚਾਹੀਦਾ ਹੈ ।

(ਗ) ਅਨੰਦ ਵਿਆਹ ਸਮੇਂ ਸਿਹਰਾ, ਘੁੰਡ ਕੱਢਣਾ, ਜੈ-ਮਾਲਾ ਪਾਉਣਾ, ਕਲਗੀ, ਮੁਕਟ, ਹਾਰ ਪਾਉਣੇ, ਘੋੜੀ ਚੜ੍ਹਨਾ, ਪਿੱਤਰ/ਜਠੇਰੇ ਪੂਜਣੇ, ਕੱਚੀ ਲੱਸੀ ਵਿਚ ਪੈਰ ਪਾਉਣੇ, ਮਾਈਏਂ ਪਾਉਣਾ, ਮੈਂਹਦੀ ਲਾਉਣਾ, ਵੱਟਣਾ ਮਲਣਾ, ਬੇਲੋੜਾ ਹਾਰ-ਸ਼ਿੰਗਾਰ ਕਰਨਾ (ਬਿਊਟੀ ਪਾਰਲਰ 'ਤੇ ਜਾਣਾ) ਜਾਂ ਹੋਰ ਐਸੀ ਮਨਮਤਿ ਕਰਨਾ, ਗੁਰਮਤਿ ਦੇ ਉਲਟ ਹੈ ।

(ਘ) ਬੇਰੀ ਜਾਂ ਜੰਡੀ ਵੱਢਣੀ, ਘੜੋਲੀ ਭਰਨਾ, ਰੁੱਸਣਾ, ਛਿਪਣਾ, ਛੰਦ ਪੜ੍ਹਨਾ, ਹਵਨ-ਯੱਗ, ਵੇਦੀ/ਬੇਦੀ ਗੱਡਣਾ, ਵਾਜੇ ਵਜਾਉਣਾ, ਆਰਕੈਸਟਰਾ ਤੇ ਗਾਣੇ ਤੇ ਨਾਚ, ਸ਼ਰਾਬ ਤੇ ਨਸ਼ਿਆਂ ਦੀ ਵਰਤੋਂ ਵਰਗੇ ਅਨਮਤੀ ਕਾਰਜ ਨਹੀਂ ਕਰਨੇ ਚਾਹੀਦੇ ।

(ਙ) ਮਿਲਣੀ ਦੀ ਰਸਮ ਦੇ ਬਜਾਏ, ਦੋਹਾਂ ਧਿਰਾਂ ਇਕ ਦੂਜੇ ਦੀ ਪਛਾਣ 'ਫ਼ਤਹਿ' ਦੀ ਸਾਂਝ ਨਾਲ ਕਰਵਾਉਣ । ਇਸ ਮੌਕੇ 'ਤੇ ਕੋਈ ਲੈਣ-ਦੇਣ, ਤੋਹਫ਼ਿਆਂ ਦਾ ਵਟਾਂਦਰਾ ਬਿਲਕੁਲ ਨਾ ਕੀਤਾ ਜਾਵੇ । ਇਸ ਮੌਕੇ 'ਤੇ ਕੋਈ ਵੀ ਹੋਰ ਕਾਰਵਾਈ ਨਾ ਕੀਤੀ ਜਾਵੇ ਤੇ ਸਾਰੇ ਸਿੱਧੇ ਦੀਵਾਨ ਹਾਲ ਵਿਚ ਬਿਰਾਜਮਾਨ ਹੋ ਜਾਣ ।

(ਚ) ਅਨੰਦ ਕਾਰਜ ਦੌਰਾਨ ਸਾਰੇ ਲੋਕ (ਸਣੇ ਮੁੰਡਾ-ਕੁੜੀ, ਭਾਵ ਲਾੜਾ-ਲਾੜੀ) ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਮੱਥਾ ਟੇਕ ਕੇ, ਸੰਗਤ ਵਿਚ ਬੈਠ ਜਾਣ, ਪਰ ਲੜਕਾ-ਲੜਕੀ ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਬੈਠਣ । (ਕਿਸੇ ਕਿਸਮ ਦੇ ਸਪੈਸ਼ਲ ਪ੍ਰਬੰਧ ਦੀ ਲੋੜ ਨਹੀਂ)

ਇਸ ਤੋਂ ਬਾਅਦ, ਗੁਰਮਤਿ ਅਨੁਸਰ ਵਿਆਹ ਦੇ ਫ਼ਲਸਫ਼ੇ ਦੀ ਵਿਆਖਿਆ ਕੀਤੀ ਜਾਵੇ । ਫਿਰ, ਵਿਆਖਿਆ ਕਰਨ ਵਾਲਾ ਮੁੰਡੇ ਤੇ ਕੁੜੀ ਦੋਵਾਂ ਤੋਂ ਪੁੱਛੇ ਕਿ ਉਹ ਇਹ ਅਨੰਦ ਵਿਆਹ ਦਾ ਫ਼ਲਸਫ਼ਾ ਕਬੂਲ ਕਰਦੇ ਹਨ । ਦੋਵਾਂ ਵੱਲੋਂ ਹਾਂ ਮਿਲਣ ਮਗਰੋਂ ਜੈਕਾਰਾ ਛੱਡ ਕੇ, ਛੋਟੀ ਅਰਦਾਸਿ ਕੀਤੀ ਜਾਵੇ ।

ਲੜਕਾ-ਲੜਕੀ ਇਕਾਗਰਤਾ ਨਾਲ ਚਾਰ ਲਾਵਾਂ ਦੇ ਸ਼ਬਦਾਂ ਦਾ ਪਾਠ/ਕੀਰਤਨ ਸੁਣਨ ਅਤੇ ਪਾਠ ਦੀ ਸਮਾਪਤੀ ਤੋਂ ਬਾਅਦ ਲਾੜਾ-ਲਾੜੀ ਮੱਥਾ ਟੇਕ ਕੇ ਸੰਗਤ ਵਿਚ ਬੈਠ ਜਾਣ । ਅਨੰਦ ਵਿਆਹ ਦੀ ਸਮਾਪਤੀ ਸ਼ੁਕਰਾਨੇ ਦੀ ਅਰਦਾਸਿ ਨਾਲ ਕੀਤੀ ਜਾਵੇ । ਜਿੱਥੇ ਕੀਰਤਨ ਦਾ ਇੰਤਜ਼ਾਮ ਨਹੀਂ ਕੀਤਾ ਜਾ ਸਕੇ, ਉੱਥੇ ਲਾਂਵਾਂ ਦੇ ਪਾਠ ਤੋਂ ਬਾਅਦ ਅਰਦਾਸਿ ਕਰ ਕੇ ਸਮਾਪਤੀ ਕੀਤੀ ਜਾਵੇ । ਲਾੜਾ-ਲਾੜੀ ਦੇ ਸੱਜੇ-ਖੱਬੇ ਬੈਠਣ ਦਾ ਭਰਮ ਨਹੀਂ ਕਰਨਾ ਕਿਉਂਕਿ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਸੱਭ ਪ੍ਰਾਣੀ ਇਕ ਸਮਾਨ ਹੀ ਹਨ । (ਗੁਰੂ ਗਰੰਥ ਸਾਹਿਬ ਦੇ ਦੁਆਲੇ ਚਾਰ ਫੇਰੇ ਲੈਣੇ, ਹਿੰਦੂ ਰਸਮ ਦੀ ਨਕਲ ਨਹੀਂ ਕਰਨੀ ਚਾਹੀਦੀ)

(ਛ) ਗ਼ੈਰ ਸਿੱਖਾਂ ਜਾਂ ਅਣਮਤੀਆਂ ਦਾ ਵਿਆਹ, ਅਨੰਦ ਦੀ ਰੀਤੀ ਨਾਲ ਨਹੀਂ ਕੀਤਾ ਜਾ ਸਕਦਾ ।

(ਜ) ਸਿੱਧੇ ਜਾ ਅਸਿੱਧੇ ਰੂਪ ਵਿਚ ਜਾਂ ਤੋਹਫ਼ਿਆਂ ਦੀ ਸ਼ਕਲ ਵਿਚ ਕਿਸੇ ਕਿਸਮ ਦਾ ਵੀ ਲੈਣ-ਦੇਣ ਨਾ ਕੀਤਾ ਜਾਵੇ । ਦਾਜ ਲੈਣਾ/ਦੇਣਾ ਗੁਰਮਤਿ ਦੇ ਉਲਟ ਹੈ ।

(ਝ) ਸਿੱਖ ਧਰਮ ਵਿਚ ਮਰਦ ਅਤੇ ਔਰਤ ਦੇ ਪੁਨਰ ਵਿਆਹ ਵਾਰੇ ਕੋਈ ਪਾਬੰਦੀ ਨਹੀਂ ।

(ਞ) ਵਿਆਹ ਦੀ ਰਸਮ ਮਗਰੋਂ ਲੰਗਰ ਦੋਵਾਂ ਧਿਰਾਂ ਵੱਲੋਂ ਸਾਂਝਾ ਕੀਤਾ ਜਾਵੇ (ਨਾ ਕਿ ਸਿਰਫ਼ ਕੁੜੀ ਵਾਲਿਆਂ ਵੱਲੋਂ) ।

ਗੁਰਮਤਿ ਅਨੁਸਾਰ ਦੋਵਾਂ ਧਿਰਾਂ ਦਾ ਦਰਜਾ ਬਰਾਬਰ ਹੈ । ਕੁੜੀ ਵਾਲਿਆਂ ਨੂੰ ਛੋਟਾ ਅਤੇ ਮੁੰਡੇ ਵਾਲਿਆਂ ਨੂੰ ਵੱਡਾ, ਉੱਚਾ ਜਾਂ ਖ਼ਾਸ ਦਰਜਾ ਦੇਣਾ, ਗੁਰਮਤਿ ਦੇ ਵਿਰੁੱਧ ਹੈ ।

(ਟ) ਜੇ ਕਿਸੇ ਸਿੱਖ ਦੀ ਇਸਤ੍ਰੀ ਜਾਂ ਪਤੀ ਕਾਲ-ਵੱਸ ਹੋ ਜਾਵੇ, ਉਹ ਚਾਹੇ ਤਾਂ ਯੋਗ ਵਰ ਦੇਖ ਕੇ ਪੁਨਰ ਸੰਜੋਗ, ਅਨੰਦ ਵਿਆਹ ਰੀਤੀ ਅਨੁਸਾਰ ਕਰ ਸਕਦਾ ਹੈ । ਪਰ, ਆਮ ਹਾਲਤ ਵਿਚ ਇਕ ਪਤੀ/ਪਤਨੀ ਹੁੰਦਿਆ ਦੂਜਾ ਵਿਆਹ ਕਰਨਾ ਮਨਾ ਹੈ ।

## ਤਨਖ਼ਾਹ ਦੀ ਵਿਧੀ:

(ੳ) ਜਿਸ ਕਿਸੇ ਸਿੱਖ ਪਾਸੋਂ ਰਹਤ ਦੀ ਕੋਈ ਭੁੱਲ ਹੋ ਜਾਵੇ ਤਾਂ ਉਹ ਨੇੜੇ ਦੇ ਗੁਰਦੁਆਰਾ ਸਾਹਿਬ ਦੀ ਸਤ-ਸੰਗਤ ਪਾਸ ਹਾਜ਼ਰ ਹੋਵੇ ਅਤੇ ਗੁਰੂ ਗਰੰਥ ਸਾਹਿਬ ਦੇ ਸਨਮੁੱਖ ਖੜ੍ਹੋ ਕੇ, ਆਪਣੀ ਭੁੱਲ ਮੰਨੇ ਅਤੇ ਅੱਗੋਂ ਇਸ ਨੂੰ ਨਾ ਦੁਹਰਾਉਣ ਦਾ ਪ੍ਰਣ ਕਰੇ (ਆਪਣੀ ਭੁੱਲ ਦੀ ਵਿਆਖਿਆ ਕਰਨਾ ਜ਼ਰੂਰੀ ਨਹੀਂ) ।

(ਅ) ਗੁਰੂ ਗਰੰਥ ਸਾਹਿਬ ਦੀ ਹਜ਼ੂਰੀ ਵਿਚ, ਸਤ-ਸੰਗਤ ਪੰਜ ਪਿਆਰੇ ਚੁਣਨ ਤਾਂ ਜੋ ਉਹ ਉਚਿਤ ਤਨਖ਼ਾਹ ਲਾ ਸਕਣ । ਫਿਰ, ਅਰਦਾਸਿ ਕੀਤੀ ਜਾਵੇ । ਸੰਗਤ ਜਾਂ ਤਨਖਾਹ ਲੁਆਣ ਵਾਲੇ ਨੂੰ ਕੋਈ ਜ਼ਿੱਦ ਨਹੀਂ ਕਰਨੀ ਚਾਹੀਦੀ ਅਤੇ ਤਨਖਾਹ ਭੁਗਤਣ ਤੋਂ ਬਾਅਦ, ਸੰਗਤ ਐਸੇ ਸੱਜਣ ਦੀ ਭੁੱਲ ਦਾ ਮੁੜ ਕੇ ਚਰਚਾ ਨਾ ਕਰੇ ।

## ਗੁਰੂ ਦਾ ਪੰਥ:

ਸਾਰੇ ਸਿੱਖ ਗੁਰੂ ਦਾ ਪੰਥ ਹਨ ਪਰ ਉਹ ਸਾਰੇ ਇਕੱਠੇ ਹੋ ਕੇ ਵੀ 'ਗੁਰੂ' ਦਾ ਦਰਜ਼ਾ ਅਖਤਿਆਰ ਨਹੀਂ ਕਰ ਸਕਦੇ ਕਿਉਂਕਿ ਹਰੇਕ ਸਿੱਖ ਦਾ ਇਕ ਹੀ ਗੁਰੂ, ਗੁਰੂ ਗਰੰਥ ਸਾਹਿਬ ਹੈ ।

## ਅਕਾਲ ਬੁੰਗਾ:

ਸਿੱਖ ਪੰਥ ਦਾ ਇੱਕੋ ਇਕ "ਗੁਰੂ ਗਰੰਥ ਸਾਹਿਬ" ਹੀ ਤਖ਼ਤ ਹੈ, ਜਿਸ ਦਾ ਸੱਭ ਤੋਂ ਪਹਿਲਾ ਪ੍ਰਕਾਸ਼ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਕੀਤਾ ਗਿਆ ਸੀ । ਸਿੱਖ ਧਰਮ ਅਨੁਸਾਰ, ਸਿੱਖਾਂ ਦਾ ਕੋਈ ਜਥੇਦਾਰ, ਪੁਜਾਰੀ ਜਾਂ ਹੈੱਡ-ਗ੍ਰੰਥੀ ਨਹੀਂ ਹੋ ਸਕਦਾ । ਦਰਬਾਰ ਸਾਹਿਬ ਦੇ ਸਾਮ੍ਹਣੇ ਅਕਾਲ ਬੁੰਗਾ ਇਸ ਲਈ ਸਥਾਪਤ ਕੀਤਾ ਗਿਆ ਸੀ ਤਾਂ ਜੋ ਸਿੱਖ ਇੱਕਠੇ ਹੋ ਕੇ, ਇਕ ਥਾਂ ਬੈਠ ਕੇ ਸਿੱਖ ਮਸਲਿਆਂ ਵਾਰੇ ਵਿਚਾਰ ਕਰ ਸਕਣ । ਪਰ, ਇਸ ਦੀ ਸੰਭਾਲ ਲਈ ਮੁੱਖ ਸੇਵਾਦਾਰ ਰੱਖਿਆ ਜਾ ਸਕਦਾ ਹੈ ਤਾਂ ਜੋ ਉਹ "ਸਰਬਤ ਖਾਲਸਾ" ਦੇ ਇੱਕਠ ਕਰਵਾ ਸਕੇ ਅਤੇ ਸਮੁੱਚੀ ਸਿੱਖ ਕੌਮ ਨੂੰ ਸੂਚਤਿ ਕਰ ਸਕੇ ।

## ਗੁਰਮਤਾ ਕਰਨ ਦੀ ਵਿਧੀ:

ਗੁਰਮਤਾ ਕੇਵਲ ਉਨ੍ਹਾਂ ਮਸਲਿਆਂ 'ਤੇ ਹੀ ਹੋ ਸਕਦਾ, ਜੇਹੜੇ ਸਿੱਖ ਧਰਮ ਦੇ ਮੁੱਢਲੇ ਅਸੂਲਾਂ ਦੀ ਪੁਸ਼ਟੀ ਲਈ ਹੋਣ, ਜਿਵੇਂ ਜੇ ਕਿਸੇ ਨੇ ਗੁਰੂ ਸਾਹਿਬਾਨ, ਗੁਰੂ ਗਰੰਥ ਸਾਹਿਬ ਦੀ ਨਿਰੋਲਤਾ ਜਾਂ ਹੋਰ ਸਿੱਖ ਪੰਥ ਵਾਰੇ ਨਿੰਦਾ, ਕੁਫਰ ਅਤੇ ਬੇਅਦਬੀ ਕੀਤੀ ਹੋਵੇ । ਇਸ ਵਾਰੇ "ਸਰਬੱਤ ਖ਼ਾਲਸਾ" ਦਾ ਇੱਕਠ ਬੁਲਾਇਆ ਜਾਵੇ ਅਤੇ ਪੰਜ ਪਿਆਰੇ ਸੰਗਤ ਵਿਚੋਂ ਚੁਣੇ ਜਾਣ ਤਾਂ ਜੋ ਸਾਰੀ ਗਲ-ਬਾਤ/ਚਰਚਾ/ਵਿਚਾਰ ਉਨ੍ਹਾਂ ਦੀ ਰਹਿਨਮਾਈ ਵਿਚ ਹੋ ਸਕੇ ਜਿਵੇਂ ਮਿਸਲਾਂ ਦੇ ਦੌਰਾਨ ਹੋਇਆ ਕਰਦਾ ਸੀ ।

## ਮੌਤ ਸੰਬੰਧੀ:

(ੳ) ਪ੍ਰਾਣੀ ਦੇ ਮਰਨ ਮਗਰੋਂ ਜੇ ਮੰਜੇ 'ਤੇ ਹੋਵੇ ਤਾਂ ਹੇਠਾਂ ਉਤਾਰਨਾ, ਦੀਵਾ ਵੱਟੀ, ਗਊ ਮਣਸਾਉਣਾ ਜਾਂ ਕੋਈ ਹੋਰ ਮਨਮੱਤੀ ਕਰਮ-ਕਾਂਡ ਨਹੀਂ ਕਰਨਾ । ਸਿਰਫ਼ ਗੁਰਬਾਣੀ ਦਾ ਪਾਠ/ਕੀਰਤਨ ਹੀ ਕੀਤਾ ਜਾਵੇ । ਪਿੱਟਣਾ, ਧਾਹਾਂ ਮਾਰਨਾ, ਸਿਆਪਾ ਕਰਨਾ ਗੁਰਮਤਿ ਦੇ ਉਲਟ ਹੈ ।

(ਅ) ਮਿਰਤਕ ਪ੍ਰਾਣੀ ਭਾਵੇਂ ਛੋਟੀ ਤੋਂ ਛੋਟੀ ਉਮਰ ਦਾ ਹੋਵੇ, ਤਾਂ ਭੀ ਸਸਕਾਰ ਕਰਨਾ ਚਾਹੀਦਾ ਹੈ । ਜੇ ਸਸਕਾਰ ਕਰਨ ਦਾ ਇੰਤਜ਼ਾਮ ਨਾ ਹੋਵੇ ਤਾਂ ਦਫ਼ਨਾਉਣਾ ਜਾਂ ਜਲ-ਪ੍ਰਵਾਹ ਕਰਨ ਦਾ ਕੋਈ ਭਰਮ ਨਹੀਂ ਕਰਨਾ । ਸਮੇਂ-ਸਥਾਨ ਮੁਤਾਬਿਕ ਕੋਈ ਦੂਜਾ ਢੰਗ ਵੀ ਅਪਣਾਇਆ ਜਾ ਸਕਦਾ ਹੈ ।

(ੲ) ਓਪਰਾਲਾ ਕੀਤਾ ਜਾਵੇ ਕਿ ਮਿਰਤਕ ਦੇਹ ਨੂੰ ਕਿਸੇ ਸਹੀ ਖੋਜ ਸੰਸਥਾ (ਮੈਡੀਕਲ ਰੀਸਰਚ ਇੰਸਟੀਚਿਊਟ) ਜਾਂ ਹਸਪਤਾਲ ਨੂੰ ਦੇ ਦਿੱਤਾ ਜਾਵੇ ਤਾਂ ਜੋ ਉਸ ਦਾ ਕੋਈ ਵੀ ਅੰਗ ਕਿਸੇ ਜ਼ਰੂਰਤ-ਮੰਦ ਦੀ ਮਦਦ ਜਾਂ ਖੋਜ ਵਾਸਤੇ ਵਰਤਿਆ ਜਾ ਸਕੇ ।

(ਸ) ਮਿਰਤਕ ਸਰੀਰ ਨੂੰ ਨੁਹਾਉਣ ਦਾ ਸਿੱਖ ਧਰਮ ਨਾਲ ਕੋਈ ਸਬੰਧ ਨਹੀਂ (ਜ਼ਰੂਰਤ ਮੁਤਾਬਿਕ ਸਫ਼ਾਈ ਕੀਤੀ ਜਾ ਸਕਦੀ ਹੈ) । ਸ਼ਮਸ਼ਾਨ ਘਾਟ ਲਿਜਾਂਦੇ ਸਮੇਂ ਰਸਤੇ ਵਿਚ ਗੁਰਬਾਣੀ ਦੇ ਸ਼ਬਦ ਪੜ੍ਹੇ ਜਾਣ । ਸ਼ਮਸ਼ਾਨ ਘਾਟ ਵਿਚ ਮਿਰਤਕ ਦੀ ਦੇਹ ਚਿਤਾ ‘ਤੇ ਰੱਖ ਕੇ “ਅੰਤਿਮ ਅਰਦਾਸ” ਕਰ ਕੇ, ਅੱਗਨ ਭੇਟ ਕਰ ਦਿੱਤਾ ਜਾਵੇ ਅਤੇ ਇਸ ਮਗਰੋਂ ਸੰਗਤਾਂ ਘਰਾਂ ਨੂੰ ਪਰਤ ਜਾਣ । ਜਿੱਥੇ ਕਿਸੇ ਲਾਸ਼ ਨੂੰ ਕਿਸੇ ਸੰਸਥਾ ਨੂੰ ਦਿੱਤਾ ਜਾਣਾ ਹੈ, ਉੱਥੇ ਘਰੋਂ ਮਿਰਤਕ ਸਰੀਰ ਨੂੰ ਵਿਦਾ ਕਰਨ ਸਮੇਂ “ਅੰਤਿਮ ਅਰਦਾਸ” ਕਰ ਦਿੱਤੀ ਜਾਵੇ । ਬੱਸ, ਮਿਰਤਕ ਲਈ ਇਹੀ ਆਖ਼ਰੀ ਅਰਦਾਸਿ ਹੈ ।

(ਹ) ਹੇਠ ਲਿਖੇ ਕਰਮ-ਕਾਂਡ, ਗੁਰਮਤਿ ਵਿਚ ਮਨ੍ਹਾ (ਵਰਜਿਤ) ਹਨ:

੧. ਮਿਤਕ ਨੂੰ ਕਿਸੇ ਭਰਮ ਹੇਠ ਮੰਜੇ ਤੋਂ ਉਤਾਰਨਾ । ੨. ਮੁਰਦੇ ਨੂੰ ਮੱਥਾ ਟੇਕਣਾ ਜਾਂ ਉਸ ਦੀ ਪਰਕਰਮਾ ਕਰਨਾ ।

੩. ਮਿਰਤਕ ਦਾ ਮੰਜਾ ਖੜ੍ਹਾ ਕਰਨਾ । ੪. ਦੀਵਾ ਜਗਾਉਣਾ । ੫. ਵਾਧੂ ਕਛਹਿਰਾ/ਪਰਨਾ ਬੰਨ੍ਹਣਾ ।

੬. ਗੁਰਦੁਆਰੇ ਮੱਥਾ ਟਿਕਾਉਣਾ । ੭. ਅੱਧੇ ਰਸਤੇ ਵਿਚ ਬਿਬਾਨ ਰੱਖਣਾ ।

੮. ਪਾਣੀ ਡੋਲ੍ਹਣਾ, ਘੜਾ ਭੰਨਣਾ, ਘਾਹ ਦੇ ਤਿਣਕੇ ਤੋੜਨਾ । ੯. ਬਿਬਾਨ ਸਜਾਉਣਾ/ਵੱਡਾ ਕਰਨਾ/ਬੁੱਢਾ ਮਰਨਾ ਕਰਨਾ ।

੧●. ਫੁੱਲੀਆਂ ਮਖਾਣੇ ਸੁੱਟਣਾ ਜਾਂ ਲੱਡੂ ਵੰਡਣਾ ਆਦਿਕ । ੧੧. ਮੂੰਹ ਵਿਚ ਘਿਓ ਜਾਂ ਕੋਈ ਸਿੱਕਾ ਪਾਉਣਾ ।

੧੨. ਗੰਗਾ ਜਲ ਜਾਂ ਕਿਸੇ ਵੀ ਅਖੌਤੀ ਤੀਰਥ ਦਾ ਪਾਣੀ ਮੂੰਹ ਵਿਚ ਪਾਉਣਾ ਜਾਂ ਲਾਸ਼ ‘ਤੇ ਛਿੜਕਣਾ ।

੧੩. ਚੰਦਨ ਦੀ ਲੱਕੜ ਪਾਉਣਾ । ੧੪. ਕਿਸੇ ਦਿਨ ਜਾਂ ਰਾਤ ਦਾ ਭਰਮ ਕਰਨਾ ।

੧੫. ਅਗਨ ਭੇਟ ਕੋਈ ਜ਼ਰੂਰੀ ਨਹੀਂ ਕਿ ਪੁੱਤਰ ਹੀ ਕਰੇ । ਧੀਅ ਜਾਂ ਹੋਰ ਕੋਈ ਪ੍ਰਾਣੀ ਭੀ ਕਰ ਸਕਦਾ ਹੈ ।

## ਅੰਗੀਠਾ ਸੰਭਾਲਣਾ:

੧. ਅੰਗੀਠਾ ਠੰਢਾ ਹੋਣ ‘ਤੇ ਅਸਥੀਆਂ ਸੁਆਹ (ਰਾਖ) ਸਣੇ ਇਕੱਠੀਆਂ ਕਰ ਕੇ, ਥੈਲੇ ਵਿਚ ਪਾ ਕੇ ਨੇੜੇ ਦੇ ਵਗਦੇ ਪਾਣੀ ਵਿਚ ਰੋੜ੍ਹ ਦਿੱਤੀ ਜਾਵੇ । ਜੇ ਚਲਦਾ ਪਾਣੀ ਪਹੁੰਚ ਤੋਂ ਦੂਰ ਹੋਵੇ ਤਾਂ ਟੋਇਆ ਪੁੱਟ ਕੇ ਦਬਾ ਦਿੱਤਾ ਜਾਵੇ ਅਤੇ ਜ਼ਮੀਨ ਨੂੰ ਪੱਧਰਾ ਕਰ ਦਿੱਤਾ ਜਾਵੇ ਤਾਂ ਜੋ ਕੋਈ ਨਿਸ਼ਾਨੀ ਨਾ ਬਚੇ ।

੨. ਅੰਗੀਠੇ ਦੀ ਰਾਖ ਨੂੰ ਕੀਰਤਪੁਰ, ਗੋਇੰਦਵਾਲ, ਹਰਦੁਆਰ ਜਾਂ ਕਿਸੇ ਹੋਰ ਥਾਂ ‘ਤੇ ਪਾਉਣਾ ਮਨਮਤਿ ਹੈ ।

੩. ਮੜ੍ਹੀ, ਸਮਾਧ, ਦੇਹੁਰਾ ਜਾਂ ਐਸੀ ਹੋਰ ਕੋਈ ਯਾਦਗਾਰ ਵਗ਼ੈਰਾ ਬਣਾਉਣਾ ਮਨਮਤਿ ਹੈ ।

੪. ਮਿਰਤਕ ਦੇਹ ਨੂੰ ਅਗਨ ਭੇਟ ਕਰਨ ਸਮੇਂ ਕੀਤੀ ਅਰਦਾਸਿ ਹੀ “ਅੰਤਮ ਅਰਦਾਸਿ” ਹੈ । ਇਸ ਤੋਂ ਬਾਅਦ ਕਿਸੇ ਵੀ ਰਸਮ ਨਾਲ ਮਿਰਤਕ ਦਾ ਕੋਈ ਸਬੰਧ ਨਹੀਂ । ਅਖੰਡ ਪਾਠ ਜਾਂ ਸਹਿਜ ਪਾਠ ਦਾ ਮਿਰਤਕ ਪ੍ਰਾਣੀ ਨਾਲ ਕੋਈ ਸਬੰਧ ਨਹੀਂ । ਜੇ ਹੋ ਸਕੇ ਤਾਂ ਮੌਕੇ ਅਨੁਸਾਰ ਪਰਿਵਾਰ ਅਤੇ ਨਜ਼ਦੀਕੀ ਰਿਸ਼ਤੇਦਾਰ ਇੱਕਠੇ ਹੋ ਕੇ, ਗੁਰੂ ਗਰੰਥ ਸਾਹਿਬ ਦਾ ਪਾਠ ਕਰਨ ਤਾਂ ਜੋ ਗੁਰਬਾਣੀ ਤੋਂ ਹੋਰ ਭੀ ਸੋਝੀ ਪਰਾਪਤ ਕੀਤੀ ਜਾ ਸਕੇ ।

## ਦੂਜੇ ਧਰਮਾਂ ਵਾਲੇ ਲੋਕਾਂ ਦੀਆਂ ਸਮਾਜਿਕ ਰਸਮਾਂ ਵਿਚ ਸ਼ਾਮਿਲ ਹੋਣਾ:

ਸਿੱਖ ਕਿਸੇ ਦੂਜੇ ਧਰਮ ਦੇ ਲੋਕਾਂ ਦੀਆਂ ਸਮਾਜਿਕ ਰਸਮਾਂ (ਵਿਆਹ, ਮੌਤ, ਵਗ਼ੈਰਾ) ਵਿਚ ਸ਼ਾਮਿਲ ਹੋ ਸਕਦਾ ਹੈ, ਪਰ ਉਨ੍ਹਾਂ ਦੀਆਂ ਧਾਰਮਿਕ ਰਸਮਾਂ ਵਿਚ ਨਹੀਂ । ਮਿਸਾਲ ਵਜੋਂ ਕਿਸੇ ਮੁਸਲਮਾਨ ਦੀ ਮੌਤ ਵੇਲੇ, ਕਿਸੇ ਸਿੱਖ ਦਾ ਕਲਮਾ ਪੜ੍ਹਨਾ ਗੁਰਮਤਿ ਦੇ ਉਲਟ ਹੈ । ਇੰਵੇ ਹੀ, ਕਿਸੇ ਹਿੰਦੂ ਦੇ ਸਮਾਗਮ ਸਮੇਂ ਟਿੱਕਾ ਲੁਆਉਣਾ, ਮੌਲੀ ਬੰਨ੍ਹਣਾ, ਆਦਿਕ ਸਿੱਖ ਵਾਸਤੇ ਘੋਰ ਮਨਮਤਿ ਹੈ । ਅਜਿਹਾ ਸਿੱਖ, ਤਨਖਾਹੀਆ, ਦੰਭੀ, ਮਨਮਤੀਆ ਹੈ ।

## ਜ਼ਰੂਰੀ ਨੋਟ:

ਗੁਰੂ ਸਾਹਿਬਾਨ ਅਤੇ ਗੁਰੂ ਗ੍ਰੰਥ ਸਾਹਿਬ ਤੋਂ ਸਿਵਾਏ ਕਿਸੇ ਲਈ 'ਸਾਹਿਬ' ਨਾ ਵਰਤਿਆ ਜਾਵੇ । ਕਿਸੇ ਚੀਜ਼, ਈਮਾਰਤ, ਨਗਰ. ਅਹੁਦੇ ਜਾਂ ਪ੍ਰਾਣੀ ਦੇ ਨਾਂ ਨਾਲ 'ਸਾਹਿਬ' ਦੀ ਵਰਤੋਂ ਨਾ ਕੀਤੀ ਜਾਵੇ ।

## ਸੋਧ:

ਇਸ ਸਿੱਖ ਮਾਰਗ ਰਹਤ ਦੀ ਕਿਸੇ ਸਮੇਂ ਭੀ ਗੁਰਮਤਿ ਦੀ ਸਿੱਖਿਆ ਅਨੁਸਾਰ ਸੋਧ ਕੀਤੀ ਜਾ ਸਕਦੀ ਹੈ ।